Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਅਗਸਤ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ 15 ਅਗਸਤ ਆਜ਼ਾਦੀ ਦਿਵਸ 'ਤੇ ਲੱਖ-ਲੱਖ ਵਧਾਈਆਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਆਜ਼ਾਦੀ ਦੇ 76 ਵਰ੍ਹੇ



15 ਅਗਸਤ 1947 ਨੂੰ ਦੇਸ਼ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਵਿਦੇਸ਼ੀਆਂ ਪਾਸੋਂ ਪੂਰਨ ਤੌਰ ’ਤੇ ਆਜ਼ਾਦ ਹੋਇਆ। ਇਸ ਆਜ਼ਾਦੀ ਨੂੰ ਪ੍ਰਾਪਤ ਕਰਨ ਲਈ ਬਹੁਤ ਹੀ ਕੁਰਬਾਨੀਆਂ ਦਾ ਪਿਛੋਕੜ ਰਿਹਾ ਹੈ। ਜਿਸ ਵਿਚ ਸੱਚੇ ਸੁੱਚੇ ਦੇਸ਼ ਭਗਤਾਂ ਦਾ ਦੇਸ਼ ਪ੍ਰਤੀ ਡੂੰਘਾ ਪਿਆਰ ਛੁਪਿਆ ਹੋਇਆ ਸੀ। ਇਨ੍ਹਾਂ ਦੇਸ਼ ਭਗਤਾਂ ਨੇ ਆਜ਼ਾਦੀ ਦੇ ਸੰਘਰਸ਼ ਨੂੰ ਹਰ ਤਰੀਕੇ ਨਾਲ ਅੱਗੇ ਲਿਜਾਉਣ ਦੀ ਪੂਰੀ ਘਾਲਣਾ ਕੀਤੀ ਭਾਵੇਂ ਉਹ ਨਰਮ ਦਲ ਹੋਵੇ ਜਾਂ ਗਰਮ ਦਲ ਹੋਵੇ। ਪ੍ਰੰਤੂ ਮਕਸਦ ਸਭ ਦੇਸ਼ ਭਗਤਾਂ ਦਾ ਇਕੋ ਸੀ ਕਿ ਵਿਦੇਸ਼ੀਆਂ ਕੋਲੋਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਕੇ ਇਕ ਸਵਰਾਜ ਦਾ ਸੁਪਨਾ ਜੋ ਵੇਖਿਆ ਸੀ ਉਹ ਕਾਇਮ ਕਰਨਾ। ਇਸ ਸੁਪਨੇ ਵਿਚ ਆਜ਼ਾਦੀ ਤੋਂ ਬਾਅਦ ਸਾਰਿਆਂ ਨੂੰ ਇਕ ਸੁਤੰਤਰ ਤੌਰ ’ਤੇ ਜ਼ਿੰਦਗੀ ਰਹਿਣ ਤੇ ਜਿਉਣ ਦੇ ਪੂਰੇ ਹੱਕ ਸ਼ਾਮਲ ਕੀਤੇ ਜਾਣ ਦੀ ਮੁੱਢਲੀ ਸੋਚ ਸੀ। ਆਜ਼ਾਦੀ ਦੇ ਵਿਚ ਇਹ ਜ਼ਰੂਰੀ ਸੀ ਕਿ ਆਮ ਬੰਦੇ ਨੂੰ ਜ਼ਿੰਦਗੀ ਜਿਉਣ ਦੇ ਪੂਰੇ ਸਾਧਨ ਮੁਹੱਈਆ ਕਰਵਾਏ ਜਾਣ। ਗਰੀਬੀ ਰੇਖਾ ਨੂੰ ਖਤਮ ਕੀਤਾ ਜਾਵੇ। ਲੋਕ ਆਪਣੀ ਯੋਗਤਾ ਅਤੇ ਕਾਬਲੀਅਤ ਕਰਕੇ ਚੰਗੇ ਕਮਾਈ ਵਾਲੇ ਸਾਧਨਾਂ ਵਿਚ ਰੁੱਝੇ ਰਹਿਣ ਅਤੇ ਹੁਣ ਹਾਲਾਤ ਇਹ ਹਨ ਕਿ ਅਮੀਰ ਅਤੇ ਗਰੀਬ ਦੇ ਵਿਚ ਬਹੁਤ ਪਾੜਾ ਵੱਧ ਗਿਆ ਹੈ ਤੇ ਬੇਰੁਜ਼ਗਾਰੀ ਅਤੇ ਵਿਹਲਾਪਣ ਹੋ ਗਿਆ ਹੈ ਜੋ ਕਿ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਕਿਸੇ ਸਮੇਂ ਵੀ ਘਾਤਕ ਹੋ ਸਕਦਾ ਹੈ। ਆਜ਼ਾਦੀ ਦੇ 76 ਵਰ੍ਹੇ ਬੀਤਣ ਪਿੱਛੋਂ ਵੀ ਦੇਸ਼ ਆਪਣੇ ਹੁਕਮਰਾਨਾਂ ਵੱਲੋਂ ਚੰਗੀ ਕਾਰਗੁਜ਼ਾਰੀ ਨਾ ਹੋਣ ਕਰਕੇ ਸਹੀ ਦਿਸ਼ਾ ਵੱਲ ਨਹੀਂ ਜਾ ਰਿਹਾ ਹੈ ਅਤੇ ਆਮ ਵਰਗ ਦਿਨ-ਬ-ਦਿਨ ਲਤਾੜਿਆ ਜਾ ਰਿਹਾ ਹੈ।

ਸਾਡਾ ਅਦਾਲਤੀ ਢਾਂਚਾ ਵੀ ਪੁਰਾਣੀ ਅੰਗ੍ਰੇਜ਼ਾਂ ਦੀ ਤਰਜ ਤੇ ਹੀ ਬਨਿਆ ਹੋਇਆ ਹੈ। ਜਿਸ ਵਿਚ ਇਨਸਾਫ ਹੋਣ ਨੂੰ ਐਨੀ ਕੁ ਦੇਰ ਲੱਗਦੀ ਹੈ ਕਿ ਆਮ ਆਦਮੀ ਨੂੰ ਬਹੁਤ ਦੁੱਖ ਝੇਲਣੇ ਪੈਂਦੇ ਹਨ ਅਤੇ ਕੇਸ ਵਿਚੇ ਹੀ ਰੁੱਲ ਜਾਂਦੇ ਹਨ। ਦੇਰੀ ਨਾਲ ਕੀਤਾ ਫੈਸਲਾ ਕੋਈ ਫੈਸਲਾ ਨਹੀ ਮੰਨਿਆ ਜਾਂਦਾ ਕਿਉਂਕਿ ਉਸ ਦਾ ਲਾਭ ਸ਼ਰਾਰਤੀ ਅਨਸਰਾਂ ਨੂੰ ਹੀ ਮਿਲਦਾ ਹੈ ਅਤੇ ਰਿਸ਼ਵਤਖੋਰੀ, ਰਿਸ਼ਤਿਆਂ ਵਿਚ ਕੜਵਾਹਟ, ਪੈਸੇ ਦੀ ਬਰਬਾਦੀ ਅਤੇ ਪਰਿਵਾਰ ਦਾ ਉਜਾੜਾ ਹੁੰਦਾ ਹੈ। ਦੇਸ਼ ਵਿਚ ਸਮੁੱਚਾ ਪ੍ਰਸ਼ਾਸਨ ਢਾਂਚਾ ਬਹੁ ਗਿਣਤੀ ਕਰਕੇ ਸਿਆਸਤਦਾਨਾਂ ਦੀ ਬਲੀ ਚੜ੍ਹਿਆ ਹੋਇਆ ਹੈ ਅਤੇ ਪ੍ਰਸ਼ਾਸਨ ਅਤੇ ਪੁਲਿਸ ਕੋਲੋਂ ਆਮ ਤੌਰ ਤੇ ਆਮ ਵਰਗ ਨੂੰ ਨਿਆਂ ਦੀ ਬਹੁਤ ਘੱਟ ਆਸ ਰਹਿੰਦੀ ਹੈ ਅਤੇ ਜ਼ਿਆਦਾਤਰ ਖੱਜਲ ਖੁਆਰੀਆਂ ਹੀ ਹੁੰਦੀਆਂ ਹਨ। ਪੰਚਾਇਤ ਸਿਸਟਮ ਜੋ ਕਿ ਇਕ ਬੁਨਿਆਦੀ ਤੌਰ ਤੇ ਵਧੀਆ ਮੁੱਢਲੀ ਸੰਸਥਾ ਹੈ ਉਹ ਪੁਰਾਣੇ ਜ਼ਮਾਨੇ ਵਿਚ ਅਤੇ ਹੁਣ ਕਦੇ ਕਦਾਈ ਵਧੀਆ ਫੈਸਲੇ ਕਰਕੇ ਆਪਣੀ ਕਾਰਜੁਗਾਰੀ ਵਿਖਾਉਂਦੀ ਹੈ। ਜ਼ਿਆਦਾਤਰ ਪੰਚਾਇਤਾਂ ਵੀ ਹੁਣ ਸਿਆਸਤ ਦੀ ਭੇਂਟ ਚੜ੍ਹੀ ਜਾ ਰਹੀਆਂ ਹਨ। ਇਸ ਸਭ ਕੁਝ ਤੋਂ ਤੰਗ ਆ ਕੇ ਆਮ ਜਨ ਸਾਧਾਰਨ ਲੋਕਾਂ ਕੋਲ ਅਦਾਲਤ ਤੋਂ ਬਗੈਰ ਹੋਰ ਕੋਈ ਰਾਸਤਾ ਨਹੀਂ ਬਚ ਜਾਂਦਾ ਅਤੇ ਕੋਸ਼ਿਸ਼ ਕਰਦਾ ਹੈ ਕਿ ਅਦਾਲਤ ਦਾ ਦਰਵਾਜ਼ਾ ਖਟਖਟਾਇਆ ਜਾਵੇ।

ਇਹ ਸਭ ਕੁਝ ਆਰਥਿਕ ਸੰਕਟ ਵਜੋਂ ਉਭਰ ਕੇ ਸਮਾਜ ਦੇ ਵਿਚ ਹੋਰ ਔਕੜਾਂ ਪੇਸ਼ ਕਰਦਾ ਹੈ ਅਤੇ ਦੇਸ਼ ਭਗਤਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਪੂਰੇ ਤਰੀਕੇ ਨਾਲ ਨਜ਼ਰਅੰਦਾਜ ਕਰਦਾ ਹੈ। ਆਰਥਿਕ ਤੰਗੀ ਕਰਕੇ ਨਸ਼ਾਖੋਰੀ, ਤਸਕਰੀ ਅਤੇ ਚੋਰੀਆਂ ਠੱਗੀਆਂ ਹੁੰਦੀਆਂ ਹਨ। ਅੱਜਕਲ੍ਹ ਪਵਿੱਤਰ ਰੱਖੜੀ ਦੇ ਤਿਉਹਾਰ ਵਿਚ ਵੀ ਬਹੁਤੇ ਭੈਣ ਭਰਾ ਵਿਚ ਵੱਖਰੇਵਾ ਵੇਖਿਆ ਗਿਆ ਹੈ ਅਤੇ ਜਾਇਦਾਦ ਤੇ ਧਨ ਲੈਣ ਪਿੱਛੇ ਇਕ ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ। ਇਹ ਸਭ ਆਰਥਿਕ ਤੰਗੀ ਅਤੇ ਸੌੜੀ ਸੋਚ ਕਰਕੇ ਹੁੰਦੇ ਹਨ। ਹੁਣ ਦੇ ਅਜੋਕੇ ਸਮੇਂ ਵਿਚ ਇਹ ਲੋੜ ਹੈ ਕਿ ਸਾਰੇ ਸਿਸਟਮ ਨੂੰ ਸੁਧਾਰਿਆ ਜਾਵੇ ਅਤੇ ਚੰਗੇ ਬੰਦੇ ਇਸ ਕੰਮ ਲਈ ਆਪਣੀ ਚੰਗੀ ਸੋਚ ਨਾਲ ਅੱਗੇ ਆਉਣ ਅਤੇ ਬਿਨਾਂ ਕਿਸੇ ਵਿਤਕਰੇ ਨਾਲ ਦੇਸ਼ ਸਮਾਜ ਦੀ ਸੇਵਾ ਵਿਚ ਯੋਗਦਾਨ ਪਾਉਣ ਤਾਂ ਹੀ ਆਮ ਜਨਤਾ ਦਾ ਭਲਾ ਹੋ ਸਕਦਾ ਹੈ ਨਹੀ ਤਾਂ ਇਸ ਦੇਸ਼ ਦਾ ਰੱਬ ਹੀ ਰਾਖਾ ਹੈ। ਇਸ ਕਰਕੇ ਸਾਰੇ ਸਮਾਜ ਨੂੰ ਚਾਹੀਦਾ ਹੈ ਕਿ ਆਪਣਾ ਯੋਗਦਾਨ ਪਾ ਕੇ ਇਨ੍ਹਾਂ ਸੇਵਾਵਾਂ ਪ੍ਰਤੀ ਵਚਨਬਧ ਹੋ ਕੇ ਸੁਧਾਰ ਲਿਆਈਏ ਤਾਂ ਹੀ ਸਾਨੂੰ ਆਜ਼ਾਦੀ ਦਾ ਸਹੀ ਮੁੱਲ ਮਿਲੇਗਾ।


**ਹਰਭਜਨ ਸਿੰਘ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ


**Chief Editor**
Er. Harbhajan Singh
Dy. C.E. (Retd.) President
M.: 98140-62091

**Addl. Chief Editor**
Er. Parminderjit Singh
M.: 99153-57524

**Editor**
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

**Co-Editor**
S. Surinder Singh Ruby ETO (Retd.)
M.: 98141-28181



## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


## ਅਗਸਤ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 01-08-2023, 31-08-23 (ਮੰਗਲ-ਵੀਰ)**
**ਸੰਗਰਾਂਦ - 17-08-2023 (ਵੀਰਵਾਰ)**
**ਮੱਸਿਆ - 16-08-2023 (ਬੁੱਧਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 122 | ਅਗਸਤ - 2023



| | | |
|---|---|---|
| 1. | ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ | 4 |
| 2. | ਵਿਸ਼ਵਾਸ ਦਾ ਸਿਖਰ – ਬਾਬਾ ਮੱਖਣ ਸ਼ਆਹ ਲੁਬਾਣਾ | 6 |
| 3. | ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ | 8 |
| 4. | ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 9 |
| 5. | ਭੈਣਾਂ ਵਰਗਾ ਸਾਕ ਨਾ ਕੋਈ | 11 |
| 6. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 7. | ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ | 13 |
| 8. | ਜੀਵਨ ਵਿਕਾਸ – ਇਕ ਸੰਘਰਸ਼ | 14 |
| 9. | ਸ਼ਾਹ ਹੁਸੈਨ ਦੀ ਵਿਚਾਰਧਾਰਾ | 16 |
| 10. | ਇਨਸਾਨੀ ਪੀੜਾ | 19 |
| 11. | ਖੇਡਾਂ ਅਤੇ ਸਿੱਖ ਸੱਭਿਆਚਾਰ | 22 |
| 12. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 24 |
| 13. | ਆਓ ਜਾਣੀਏ! | 26 |
| 14. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ | 27 |
| 15. | ਅਲੋਪ ਹੋ ਰਿਹਾ ਪੰਜਾਬੀ ਵਿਰਸਾ (ਭੱਠੀਆਂ) | 28 |
| 16. | ਚੋਰ | 30 |
| 17. | ਸਿਹਤ ਸੰਭਾਲ | 32 |
| 18. | ਕਾਵਿ-ਕਿਆਰੀ | 33 |
| 19. | ਸ਼ਬਦਾਂ ਦੇ ਸੰਜੋਗ | 34 |
| 20. | आत्म निरीक्षण | 35 |
| 21. | ਹੱਬੀ | 36 |
| 22. | Naval Architecture | 37 |
| 23. | Matrimonial | 38 |
| 24. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਭਾਰਤ ਦੀ ਆਜ਼ਾਦੀ ਵਿਚ ਪੰਜਾਬ ਦਾ ਯੋਗਦਾਨ

5 ਜੁਲਾਈ 1856 ਨੂੰ ਭਾਰਤ ਦੀ ਜੰਗ-ਏ-ਆਜ਼ਾਦੀ ਦਾ ਪਹਿਲਾ ਸ਼ਹੀਦ, ਪੰਜਾਬ ਦਾ ਮਹਾਨ ਸਪੂਤ ਭਾਈ ਮਹਾਰਾਜ ਸਿੰਘ ਨਾਰੰਗਵਾਲ ਸੀ। ਭਾਰਤ ਨੂੰ ਆਜ਼ਾਦ ਹੋਇਆਂ 76 ਸਾਲ ਹੋ ਚੁੱਕੇ ਹਨ। ਆਜ਼ਾਦੀ ਪ੍ਰਾਪਤੀ ਲਈ ਲੰਮਾਂ ਸਮਾਂ ਸੰਘਰਸ਼ ਕਰਨਾ ਪਿਆ ਸੀ। ਪੂਰੇ ਭਾਰਤ ਦੇ ਲੋਕ ਕਿਸੇ ਨਾ ਕਿਸੇ ਤਰੀਕੇ ਅੰਗਰੇਜ਼ੀ ਸਰਕਾਰ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਜਿਸ ਲਈ ਕਈਆਂ ਨੇ ਸ਼ਾਂਤਮਈ ਸੰਘਰਸ਼ ਕੀਤਾ ਅਤੇ ਕਈਆਂ ਨੇ ਹਥਿਆਰਬੰਦ ਤਰੀਕੇ ਨਾਲ। 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਜ਼ਾਦ ਧਰਮ-ਨਿਰਪੱਖ ਰਾਜ, ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੋ ਗਿਆ ਸੀ। ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਹੁਤ ਗੁੱਸਾ ਸੀ?

ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗਰੇਜ਼ੀ ਰਾਜ ਪ੍ਰਤੀ ਵਿਰੋਧ ਜ਼ਾਹਿਰ ਕਰਦਿਆਂ, ਅੰਗਰੇਜ਼ ਅਫ਼ਸਰ ਵਿਲੀਅਮ ਕਰਜ਼ਨ ਵਾਇਲੀ ਨੂੰ ਗੋਲੀ ਨਾਲ ਉਡਾ ਦਿੱਤਾ ਸੀ। 16 ਅਗਸਤ, 1909 ਨੂੰ ਸ਼ਹੀਦ ਮਦਨ ਲਾਲ ਢੀਂਗਰਾ ਸ਼ਹੀਦੀ ਦਾ ਜਾਮ ਪੀ ਗਿਆ ਸੀ।

**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**



ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਕੂਕਾ ਲਹਿਰ ਦਾ ਵੀ ਕਾਫ਼ੀ ਯੋਗਦਾਨ ਹੈ। ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੂਕਿਆਂ ਨੇ ਅੰਗਰੇਜ਼ੀ ਸਰਕਾਰ ਨਾਲ ਅਸਹਿਯੋਗ ਦਾ ਨਾਅਰਾ ਦਿੱਤਾ ਸੀ। ਗਊ ਹੱਤਿਆ ਵਿਰੁੱਧ ਸੰਘਰਸ਼ ਕਰਦਿਆਂ, ਕੂਕਿਆਂ ਨੇ ਮਾਲੇਰਕੋਟਲਾ ਦੇ ਬੁੱਚੜਾਂ ਉੱਤੇ ਹਮਲਾ ਕੀਤਾ। 15 ਜਨਵਰੀ, 1872 ਨੂੰ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ। 66 ਕੂਕੇ ਸ਼ਹੀਦ ਹੋ ਗਏ ਸਨ।

1941 ਵਿਚ ਜਨਰਲ ਮੋਹਨ ਸਿੰਘ ਨੇ ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ ਸੀ, 1942 ਵਿਚ ਜਨਰਲ ਮੋਹਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, 1943 ਵਿਚ ਆਜ਼ਾਦ ਹਿੰਦ ਫੌਜ ਦੀ ਕਮਾਂਡ ਸੁਭਾਸ਼ ਚੰਦਰ ਬੋਸ ਨੇ ਸੰਭਾਲ ਲਈ ਸੀ। ਆਜ਼ਾਦ ਹਿੰਦ ਫੌਜ ਵਿਚ ਪੰਜਾਬੀਆਂ ਦਾ ਸਭ ਤੋਂ ਵਧੇਰੇ ਯੋਗਦਾਨ ਸੀ।

ਪੰਜਾਬ ਵਿਚੋਂ ਅਮਰੀਕਾ ਗਏ ਕਿਸਾਨਾਂ ਨੇ ਅਮਰੀਕਾ ਦੇ ਸਾਨਫ਼ਰਾਂਸਿਸਕੋ ਸ਼ਹਿਰ ਵਿਚ ਭਾਰਤ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਵੇਖਿਆ ਸੀ। 1913 ਵਿਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ ਸੀ। ਭਾਰਤ ਵਿਚ ਸਮਾਜਵਾਦੀ ਇਨਕਲਾਬ ਲਿਆਉਣ ਲਈ ਗ਼ਦਰ ਪਾਰਟੀ ਕਾਇਮ ਕੀਤੀ ਗਈ ਸੀ। ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂ ਸਨ- ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਬਾਬਾ ਕੇਸਰ ਸਿੰਘ ਠੱਠਗੜ੍ਹ, ਪੰਡਿਤ ਕਾਂਸ਼ੀ ਰਾਮ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਜਵਾਲਾ ਸਿੰਘ ਠੱਠੀਆਂ, ਭਾਈ ਭਗਵਾਨ ਸਿੰਘ। 1915 ਵਿਚ ਭਾਰਤ ਪਰਤ ਕੇ ਭਾਰਤ ਨੂੰ ਹਥਿਆਰਬੰਦ ਢੰਗ ਨਾਲ ਆਜ਼ਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਛੋਟੀ ਉਮਰ ਵਿਚ ਹੀ ਕਰਤਾਰ ਸਿੰਘ ਸਰਾਭਾ ਨੇ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕੀਤਾ। ਕਰਤਾਰ ਸਿੰਘ ਸਰਾਭਾ ਨੂੰ 13 ਸਤੰਬਰ, 1915 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਫ਼ਾਂਸੀ ਲਾ ਦਿੱਤੀ ਸੀ।

42 ਗ਼ਦਰੀ ਇਨਕਲਾਬੀ ਦੇਸ਼ ਭਗਤਾਂ ਨੂੰ ਮੌਤ ਦੀ ਸਜ਼ਾ ਦੇ ਕੇ ਫ਼ਾਂਸੀ ਦਿੱਤੀ ਗਈ। 114 ਗ਼ਦਰੀ ਯੋਧਿਆਂ ਨੂੰ ਉਮਰ ਕੈਦ ਹੋਈ। ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਪ੍ਰਿਥੀ ਸਿੰਘ ਆਜ਼ਾਦ ਚਲਦੀ ਰੇਲ ਗੱਡੀ ਵਿਚੋਂ ਹੱਥਕੜੀਆਂ ਤੇ ਬੇੜੀਆਂ ਸਮੇਤ, ਹੇਠਾਂ ਛਾਲਾਂ ਮਾਰ ਗਏ। ਮੁੜ ਹੱਥ ਨਾ ਆਏ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਨਾਲ ਸੰਬੰਧਿਤ ਘਟਨਾ ਵੀ ਖ਼ਾਸ ਮਹੱਤਵ ਰੱਖਦੀ ਹੈ। ਸਰਹਾਲੀ ਕਲਾਂ (ਅੰਮ੍ਰਿਤਸਰ) ਦੇ ਬਹਾਦਰ ਸੱਜਣ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਜਹਾਜ਼ ਕਾਮਾਗਾਟਾ ਮਾਰੂ, ਕੈਨੇਡਾ ਜਾਣ ਲਈ ਕਿਰਾਏ ਉੱਤੇ ਲਿਆ। 376 ਭਾਰਤੀ ਮੁਸਾਫ਼ਰਾਂ ਨੂੰ ਲੈ ਕੇ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਦੂਰ ਕੈਨੇਡਾ ਦੀ ਅੰਗਰੇਜ਼ੀ ਸਰਕਾਰ ਨੇ ਰੋਕ ਲਿਆ। ਮੁਸਾਫ਼ਰਾਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਬਾਅਦ ਇਹ ਜਹਾਜ਼ ਵਾਪਸ ਸਫ਼ਰ ਕਰ ਕੇ, 22 ਜੁਲਾਈ, 1914 ਨੂੰ ਕਲਕੱਤਾ ਨੇੜੇ ਬਜਬਜ ਘਾਟ ਉੱਤੇ ਲੱਗਾ। ਜਿਸ ਦਾ ਅੰਗਰੇਜ਼ੀ ਪੁਲਿਸ ਨੇ ਗੋਲੀਆਂ ਨਾਲ ਸਵਾਗਤ ਕੀਤਾ। 18 ਯਾਤਰੀ ਮਾਰੇ ਗਏ, 36 ਯਾਤਰੀ ਜ਼ਖ਼ਮੀ ਹੋਏ। ਬਾਬਾ ਗੁਰਦਿੱਤ ਸਿੰਘ, 32 ਹੋਰ, ਬਚ ਕੇ ਭੱਜਣ ਵਾਲੇ ਯਾਤਰੀਆਂ ਵਿਚ ਸ਼ਾਮਿਲ ਸਨ।

13 ਅਪ੍ਰੈਲ 1919, ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼, ਅੰਮ੍ਰਿਤਸਰ ਇਕ ਵਿਸ਼ਾਲ ਜਨ ਸਭਾ ਉੱਤੇ ਜਨਰਲ ਡਾਇਰ ਦੇ ਹੁਕਮਾਂ ਨਾਲ, ਗੋਲ਼ੀਆਂ ਦਾ ਮੀਂਹ ਵਰਸਾਇਆ ਗਿਆ। ਕਰੀਬ ਇਕ ਹਜ਼ਾਰ ਨਿਰਦੋਸ਼ ਭਾਰਤੀ ਜਿਸ ਵਿਚ ਬਜ਼ੁਰਗ, ਨੌਜਵਾਨ,

ਔਰਤਾਂ ਅਤੇ ਬੱਚੇ ਸ਼ਾਮਲ ਸਨ, ਮਾਰੇ ਗਏ। ਭਾਰਤ ਭਰ ਵਿਚ ਅੰਗਰੇਜ਼ਾਂ ਵਿਰੁੱਧ ਗੁੱਸਾ ਬਹੁਤ ਭਖਿਆ।

ਨਾਮਿਲਵਰਤਨ ਲਹਿਰ ਪੂਰੇ ਜ਼ੋਬਨ ਉਤੇ ਸੀ। ਪੰਜਾਬ ਕਿਸੇ ਨਾਲੋਂ ਪਿਛੇ ਨਹੀਂ ਰਿਹਾ। ਪੰਜਾਬ ਵਿਚੋਂ ਸਿੱਖ ਪੂਰੇ ਜ਼ੋਰਾਂ ਨਾਲ ਇਸ ਲਹਿਰ ਵਿਚ ਕੁੱਦ ਪਏ। ਅਕਾਲੀ ਲਹਿਰ ਸ਼ੁਰੂ ਹੋਈ, ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖ਼ਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਬਕਾ ਹੈਡਮਾਸਟਰ ਨੇ ਇਕ ਤਕਰੀਰ ਕੀਤੀ। ਉਹਨਾਂ ਦੇ ਵਾਰੰਟ ਨਿਕਲੇ। ਪਰ ਬਾਦਸ਼ਾਹ ਦੀ ਪ੍ਰਾਹੁਣਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ; ਕੋਟ ਫਤੂਹੀ ਨਾਂ ਦੇ ਇਕ ਪਿੰਡ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੇ ਚਾਰ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿੱਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ, ਅੰਤ ਵਿਚ ਇਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਮਾਸਟਰ ਜੀ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਸਖ਼ਤ ਸਜ਼ਾ ਦਿੱਤੀ ਗਈ।

ਗੁਰੂ ਦੇ ਬਾਗ ਦਾ ਮੋਰਚਾ ਲੱਗਾ। ਨਿਹੱਥਿਆਂ ਉਤੇ ਜਦੋਂ ਭਾੜੇ ਦੇ ਟੱਟੂ ਟੁੱਟ ਪੈਂਦੇ ਉਹਨਾਂ ਨੂੰ ਕੁਟ ਕੁਟ ਅਧਮੋਏ ਕਰ ਦੇਂਦੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਨ੍ਹਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਿਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਬਚਦੇ ਹੀ ਰਹੇ; ਉਨ੍ਹਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਇਕ ਕ੍ਰਾਂਤੀ ਦਲ ਸੀ। ਨਿਹੱਥਿਆਂ ਉਤੇ ਢਾਹੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਕ੍ਰਾਂਤੀਕਾਰੀ ਪ੍ਰਚਾਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

1928 ਵਿਚ ਕੇਵਲ ਅੰਗਰੇਜ਼ ਮੰਤਰੀਆਂ ਦਾ ਇਕ ਮੰਡਲ ਸਾਈਮਨ ਕਮਿਸ਼ਨ ਦੇ ਰੂਪ ਵਿਚ ਭਾਰਤ ਆਇਆ ਸੀ। ਲਾਹੌਰ ਵਿਖੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਇਸ ਕਮਿਸ਼ਨ ਦੇ ਵਿਰੁੱਧ ਜਲੂਸ ਕੱਢਿਆ ਗਿਆ ਸੀ। ਲਾਠੀਚਾਰਜ ਹੋਇਆ। ਲਾਲਾ ਲਾਜਪਤ ਰਾਏ ਜ਼ਖ਼ਮੀ ਹੋਣ ਤੋਂ ਬਾਅਦ 17 ਨਵੰਬਰ 1928 ਨੂੰ ਅਕਾਲ ਚਲਾਣਾ ਕਰ ਗਏ ਸਨ। ਲਾਲਾ ਜੀ ਦੀ ਸ਼ਹੀਦੀ ਦਾ ਬਦਲਾ ਬਾਅਦ ਵਿਚ ਸ਼ਹੀਦ ਭਗਤ ਸਿੰਘ ਨੇ ਲਿਆ ਸੀ।

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੰਜਾਬ ਵਿਚ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿਚ ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ ਕਾਇਮ ਕੀਤੀ ਗਈ। ਅੰਗਰੇਜ਼ਾਂ ਨੂੰ ਭਾਰਤ ਛੱਡ ਜਾਣ ਲਈ ਚਿਤਾਵਨੀ ਦੇਣ ਲਈ, ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ 8 ਅਪ੍ਰੈਲ 1929 ਨੂੰ ਭਾਰਤ ਦੀ ਕੇਂਦਰੀ ਅਸੈਂਬਲੀ ਵਿਚ ਜ਼ੋਰਦਾਰ ਧਮਾਕਾ ਕੀਤਾ। ਇਨਕਲਾਬ ਜ਼ਿੰਦਾਬਾਦ, ਬਰਤਾਨਵੀ ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ। 23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫ਼ਾਂਸੀ ਲਗਾਈ ਗਈ। ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ। ਜਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਦਾ ਖ਼ੂਨੀ ਸਾਕਾ ਜੋ ਕਿ ਊਧਮ ਸਿੰਘ ਨੇ ਆਪਣੇ ਅੱਖੀਂ ਦੇਖਿਆ ਸੀ। ਊਧਮ ਸਿੰਘ ਨੇ ਮੰਨ ਹੀ ਮੰਨ ਠਾਣ ਲਿਆ ਸੀ ਕਿ ਇਸ ਕਤਲੇਆਮ ਦਾ ਬਦਲਾ ਜ਼ਰੂਰ ਲੈਣਾ ਹੈ। ਇਸ ਲਈ ਉਹ ਕਿਸੇ ਨਾ ਕਿਸੇ ਤਰੀਕੇ ਲੰਡਨ ਪਹੁੰਚ ਗਿਆ। ਉਥੇ ਜਾ ਕੇ ਸਰ ਮਾਈਕਲ ਓਡਵਾਇਰ ਨੂੰ ਮਾਰਨ ਦੀ ਵਿਉਂਤਬੰਦੀ ਬਣਾਉਂਦਾ ਰਿਹਾ। ਪੂਰੇ 21 ਸਾਲਾਂ ਬਾਅਦ, ਲੰਡਨ ਦੇ ਕੈਕਸਟਨ ਹਾਲ ਵਿਖੇ, 13 ਮਾਰਚ 1940 ਨੂੰ ਊਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ ਸੀ। ਊਧਮ ਸਿੰਘ ਮੌਕੇ ਤੋਂ ਫ਼ਰਾਰ ਨਹੀਂ ਸੀ ਹੋਇਆ, ਸਗੋਂ ਕਿਹਾ ਕਿ ਉਹਨੇ ਆਪਣਾ ਵਚਨ ਪੂਰਾ ਕੀਤਾ ਸੀ। ਸਰ ਮਾਈਕਲ ਓਡਵਾਇਰ ਨੇ ਨਿਹੱਥੇ ਲੋਕਾਂ ਨੂੰ ਸ਼ਹੀਦ ਕੀਤਾ ਸੀ, ਉਸ ਨੇ ਆਪਣੇ ਲੋਕਾਂ ਦੇ ਕਾਤਲ ਤੋਂ ਬਦਲਾ ਲਿਆ ਸੀ। ਊਧਮ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਹੈ।

1942 ਦੀ ਭਾਰਤ ਛੱਡੋ ਲਹਿਰ ਵਿਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਸੀ। ਅਨੇਕਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਅੱਗੇ ਹੋ ਕੇ ਸ਼ਹਾਦਤਾਂ ਦਿੱਤੀਆਂ।

1914-15 ਵਿਚ ਦਰਜਨਾਂ ਸਿੱਖ ਗ਼ਦਰੀ ਬਾਬਿਆਂ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਲੰਮਾ ਸਮਾਂ ਤਸੀਹੇ ਦਿੱਤੇ ਜਾਂਦੇ ਰਹੇ ਸਨ। ਪੰਜਾਬ ਦੇ ਬਹਾਦਰ ਸਪੂਤ ਡਾ. ਦੀਵਾਨ ਸਿੰਘ ਕਾਲੇਪਾਣੀ ਨੇ 14 ਜਨਵਰੀ, 1944 ਨੂੰ ਅੰਡੇਮਾਨ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਚ ਤਿੰਨ ਮਹੀਨੇ ਜਾਪਾਨੀਆਂ ਦੇ ਤਸੀਹੇ ਸਹਿੰਦਿਆਂ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਭਾਰਤ ਖਾਸਕਰ ਪੰਜਾਬ ਦੇ ਬਹਾਦਰ ਯੋਧਿਆਂ ਦਾ ਅੰਗਰੇਜ਼ੀ ਹਕੂਮਤ ਵਿਰੁੱਧ ਬਹੁਤ ਗੁੱਸਾ ਸੀ, ਜੋ ਕਿ ਅਜ਼ਾਦੀ ਪ੍ਰਾਪਤੀ ਦਾ ਮੁੱਖ ਸਰੋਤ ਬਣਿਆ।

ਆਖਰਕਾਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋ ਗਿਆ।

ਹਜ਼ਾਰਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨਾਲ ਸਾਨੂੰ ਇਹ ਆਜ਼ਾਦੀ ਪ੍ਰਾਪਤ ਹੋਈ। ਇਸ ਆਜ਼ਾਦੀ ਨੂੰ ਹੁਣ ਅਸੀਂ ਨਾ ਸਿਰਫ਼ ਕਾਇਮ ਹੀ ਰੱਖਣਾ ਹੈ, ਸਗੋਂ ਦੇਸ਼ ਭਗਤਾਂ ਦੇ ਆਰਥਿਕ ਖੁਸ਼ਹਾਲੀ ਦੇ ਸਾਰੇ ਸੁਪਨੇ ਜੋ ਉਨ੍ਹਾਂ ਨੇ ਸਾਡੇ ਲਈ ਵੇਖੇ ਸਨ, ਵੀ ਪੂਰੇ ਕਰਨੇ ਹਨ। ਦੇਸ਼ ਨੂੰ ਬੇਰੁਜ਼ਗਾਰੀ, ਭੁੱਖ-ਨੰਗ, ਅਨਪੜ੍ਹਤਾ, ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ ਆਦਿ ਤੋਂ ਮੁਕਤ ਕਰਨਾ ਹੈ। ਇਹ ਹੀ ਸਾਡੀ ਦੇਸ਼ ਭਗਤਾਂ ਅਤੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ

## *ਰੱਖੜ ਪੁੰਨਿਆਂ ਤੇ ਵਿਸ਼ੇਸ਼*

# ਵਿਸ਼ਵਾਸ ਦਾ ਸਿਖਰ - ਬਾਬਾ ਮੱਖਣ ਸ਼ਾਹ ਲੁਬਾਣਾ

ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਇਸ ਮਹਾਂਪੁਰਖ ਦਾ ਜਨਮ ਸੰਨ 1919 ਈ. ਵਿਚ ਪਿੰਡ ਟਾਂਡਾ ਜ਼ਿਲ੍ਹਾ ਗੁਜਰਾਤ ਹਾਲ ਪਾਕਿਸਤਾਨ ਵਿਚ ਪਿਤਾ ਦਾਸੇ ਸ਼ਾਹ ਦੇ ਘਰ ਹੋਇਆ। ਇਹ ਟਾਂਡਾ ਜ਼ਿਲ੍ਹਾ ਗੁਜਰਾਤ ਵਾਲਾ ਹੀ ਟਾਂਡਾ ਸੀ ਜਾਂ ਨਹੀਂ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੰਤੂ ਜਨਮ ਦਾ ਸਾਲ 1619 ਹੀ ਸੀ ਬਾਰੇ ਸਾਰੇ ਵਿਦਵਾਨਾਂ ਦਾ ਇਕਮੱਤ ਹੈ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਤੇ ਵੱਡਾ ਵਪਾਰੀ ਸੀ, ਦਾ ਦਰਿਆਈ ਅਤੇ ਸਮੁੰਦਰੀ ਰਸਤੇ ਬੇੜੇ ਰਾਹੀਂ ਢੋਆ ਢੁਆਈ ਦਾ ਵਪਾਰ ਵੀ ਸੀ।




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**


ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ॥"**

ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ-"**ਤੂੰ ਕਰਤਾ ਤੂੰ ਕਰਣੈ ਜੋਗ॥**" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਬੀਤੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ 'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜ਼ਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ।**
**ਕਹਯੋ ਤਿਸੈ ਹੋ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ।**
**ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੌਂਧ? ਗੁਰ ਕੋ ਹੈ ਜੋਤਾ।**
**ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੁ।**
**ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ।**
**ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ।**
**ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।**
**ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥**
**ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ।**
**ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **'ਆਪ ਗਵਾਈਏ ਤਾਂ ਸਹੁ ਪਾਈਏ'** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **'ਬਾਬਾ ਬਕਾਲੇ'** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰੰਸਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

**"ਗੁਰੂ ਆਖਿਆ ਲੈ ਮੱਖਣ ਸ਼ਾਹੁ। ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ। ਪੁਰਨ ਕੀਨਿ ਮਨਿ ਮਨ ਨੀਕੀ॥"**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ **'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**"ਤਿਹ ਛਿਨ ਮੱਖਣ ਚਢਿਯੋ ਉਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੁਲੀਏ ਸੰਗਤ ਸੁਣਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥"**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗ਼ਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

# ਸੇਵਾ ਦੇ ਪੁੰਜ ਸਨ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲੇ



ਕਿਸੇ ਦੇਸ਼ ਦੀ ਸ਼ਕਤੀ ਦੌਲਤ ਨਹੀਂ, ਸਗੋਂ ਉੱਥੋਂ ਦੇ ਲੋਕਾਂ ਦੇ ਆਚਰਨ ਵਿੱਚ ਅਤੇ ਲੋਕ-ਭਲਾਈ ਲਈ ਪਾਏ ਗਏ ਯੋਗਦਾਨ ਵਿੱਚ ਹੁੰਦੀ ਹੈ। ਹਰ ਸਮਾਜ ਵਿੱਚ ਕੁੱਝ ਅਜਿਹੇ ਲੋਕ ਹੁੰਦੇ ਹਨ, ਜੋ ਅੰਗਹੀਣ, ਬਿਮਾਰ ਤੇ ਬੇਕਾਰ ਜਾਂ ਸਮਾਜ ਵੱਲੋਂ ਦੁਰਕਾਰੇ ਗਏ ਹਨ। ਇਨ੍ਹਾਂ ਵਿੱਚ ਕੁੱਝ ਉਹ ਅੰਗਹੀਣ ਵੀ ਹਨ, ਜਿਨ੍ਹਾਂ ਨੂੰ ਕਿਸੇ ਵੀ ਹਸਪਤਾਲ ਵਿੱਚ ਦਾਖਲ ਨਹੀਂ ਕੀਤਾ ਜਾਂਦਾ ਅਤੇ ਉਹ ਸੜਕਾਂ ਤੇ ਹੀ ਰੁਲ-ਰੁਲ ਕੇ ਮਰ ਜਾਂਦੇ ਹਨ, ਫਿਰ ਇਨ੍ਹਾਂ ਦਾ ਧਿਆਨ ਰੱਖਣ ਵਾਲਾ ਕੌਣ ਹੈ? ਇਨ੍ਹਾਂ ਦਾ ਖਿਆਲ ਰੱਖਣ ਵਾਲਾ ਸੀ ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ। ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ 1904 ਈ. ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰੀ ਸ਼ਿਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਜੀ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗੇ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ 20 ਸਾਲ ਲਗਾਤਾਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਨਿਸ਼ਕਾਮ ਸੇਵਾ ਕੀਤੀ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂਅ ਰਾਮ ਜੀ ਦਾਸ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਨ੍ਹਾਂ ਨੂੰ ਰਾਮ ਜੀ ਦਾਸ ਤੋਂ ਭਗਤ ਪੂਰਨ ਸਿੰਘ ਬਣਾ ਦਿੱਤਾ। ਗਿਆਨੀ ਕਰਤਾਰ ਸਿੰਘ ਅਤੇ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਇਨ੍ਹਾਂ ਦੀ ਸੇਵਾ ਨੂੰ ਦੇਖ ਕੇ ਭਗਤ ਜੀ ਕਹਿ ਕੇ ਸੰਬੋਧਨ ਕੀਤਾ। ਭਗਤ ਜੀ ਨੇ ਆਪਣੀ ਮਾਂ ਨਾਲ ਇਹ ਵਾਅਦਾ ਕੀਤਾ ਕਿ ਮੈਂ ਉਮਰ ਭਰ ਕੁਆਰਾ ਰਹਾਂਗਾ ਅਤੇ ਬੇਸਹਾਰਾ, ਅਪੰਗਾਂ ਅਤੇ ਗਰੀਬਾਂ ਦੀ ਸੇਵਾ ਵਿੱਚ ਹੀ ਜੀਵਨ ਬਤੀਤ ਕਰਾਂਗਾ। ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ. ਵਿੱਚ ਇੱਕ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਊਢੀ ਅੱਗੇ ਕੋਈ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ ਪੂਰਨ ਸਿੰਘ ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ ਸੰਭਾਲ ਕਰ। ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿਬੜਿਆ। ਜਿਸ ਕਰਕੇ ਉਸ ਦਾ ਨਾਂਅ ਪਿਆਰਾ ਸਿੰਘ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ, ਕਿਉਂ ਜੋ ਉਸ ਸਮੇਂ ਉਨ੍ਹਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ। ਇਸ ਦੌਰਾਨ ਭਗਤ ਪੂਰਨ ਸਿੰਘ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬ੍ਰੇਰੀਆਂ ਵਿੱਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਦੁੱਖਾਂ ਦੇ ਹੱਲ ਬਾਰੇ ਸੋਚਦੇ। ਭਗਤ ਜੀ ਦਾ ਅਕਾਲ ਪੁਰਖ ਤੇ ਅਟੁੱਟ ਵਿਸ਼ਵਾਸ ਅਤੇ ਦੁੱਖੀ ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਕਰਕੇ ਹੀ ਇਹ ਸੰਭਵ ਹੋ ਸਕਿਆ। 1947 ਵਿੱਚ ਦੇਸ਼ ਦੀ ਵੰਡ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਰਹੇ। 1948 ਤੋਂ 1955 ਈ. ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ ਖਾਲਸਾ ਦੀਵਾਨ ਦੇ ਕੋਲ, ਕਦੇ ਗੁਰੂ ਤੇਗ ਬਹਾਦਰ ਦੇ ਕੋਲ ਕਦੇ ਰੈੱਡ ਕਰਾਸ ਭਵਨ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਇਨ੍ਹਾਂ ਨੇ ਸੇਵਾ ਸੰਭਾਲ ਕੀਤੀ। ਸੰਨ 1958 ਈ. ਵਿੱਚ ਤਹਿਸੀਲਪੁਰਾ ਜੀ.ਟੀ.ਰੋਡ ਅੰਮ੍ਰਿਤਸਰ ਵਿਖੇ ਜਗ੍ਹਾ ਮੁੱਲ ਖਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। 6 ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ (ਰਜਿ.) ਕਰਵਾ ਲਈ। ਪਿੰਗਲਵਾੜਾ ਜੋ ਭਗਤ ਪੂਰਨ ਸਿੰਘ ਜੀ ਨੇ ਕੁੱਝ ਕੁ ਮਰੀਜ਼ਾਂ ਨੂੰ ਲੈ ਕੇ ਬੀਜ ਰੂਪ ਵਿੱਚ ਸ਼ੁਰੂ ਕੀਤਾ। ਅੱਜ 1700 ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ। ਭਗਤ ਪੂਰਨ ਸਿੰਘ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਪਰ ਭਾਰਤ ਸਰਕਾਰ ਵੱਲੋਂ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ ਹੋਏ ਹਮਲੇ ਸਮੇਂ ਉਨ੍ਹਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਨ੍ਹਾਂ ਨੂੰ 1990 ਵਿੱਚ ਹਾਰਮਨੀ ਐਵਾਰਡ, 1991 ਵਿੱਚ ਰੋਗ ਰਤਨ ਐਵਾਰਡ ਪ੍ਰਾਪਤ ਹੋਏ। ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ 5 ਅਗਸਤ 1992 ਈ. ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚਖੰਡ ਜਾ ਬਿਰਾਜੇ।

# ਜੁਲਾਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਕੱਤਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਜੁਲਾਈ 2023 ਮਹੀਨੇ ਦੌਰਾਨ ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਜੋ ਕਿ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਅਨੁਸਾਰ ਹੈ:-

01.07.2023 ਤੋਂ 31.07.2023

ਜੁਲਾਈ ਮਹੀਨੇ ਦੀ ਕੁੱਲ ਆਮਦਨ (ਰੁਪਏ)-3,73,255/-

ਜੁਲਾਈ ਮਹੀਨੇ ਦਾ ਕੁੱਲ ਖਰਚ (ਰੁਪਏ)-3,58,299/-

2. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਜੁਲਾਈ ਮਹੀਨੇ ਦੇ ਲੁਬਾਣਾ ਸੇਵਕ ਦੀ ਮੈਗਜ਼ੀਨ ਦੀ ਛਪਾਈ, ਜੋ ਕਿ ਅਗਸਤ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਮੁਕੰਮਲ ਕੀਤੀ ਗਈ ਹੈ, ਫ਼ਾਊਡੇਸ਼ਨ ਵਲੋਂ ਛਪਾਏ ਜਾਂਦੇ ਮੈਗਜ਼ੀਨ ਵਿੱਚ ਫ਼ਾਊਡੇਸ਼ਨ ਦੀ ਗਤੀਵਿਧਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ, ਜੋ ਕਿ ਪਿਛਲੇ ਸਮਿਆਂ ਦੀ ਤਰ੍ਹਾਂ ਸੁਚਾਰੂ ਰੂਪ ਨਾਲ ਚੱਲ ਰਹੀਆਂ ਹਨ। ਭਵਨ ਵਿੱਚ ਸਮੇਂ-ਸਮੇਂ ਸਿਰ ਕਈ ਛੋਟੇ-ਛੋਟੇ ਰਿਪੇਅਰ ਕਾਰਜਾਂ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ, ਜੋ ਕਿ ਮੈਂਟੀਨੈਂਸ ਸਕੱਤਰ ਦੀ ਮਦਦ ਨਾਲ ਪੂਰੀ ਕੀਤੀ ਜਾ ਰਹੀ ਹੈ। ਮੈਗਜ਼ੀਨ ਦੀ ਛਪਾਈ ਇਸ ਆਸ ਤੇ ਕੀਤੀ ਜਾਂਦੀ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਆਪਣੇ ਇਤਿਹਾਸ ਨਾਲ ਜੁੜ ਕੇ ਆਪਣੇ ਵਿਚਾਰ ਈ-ਮੇਲ ਦੇ ਜ਼ਰੀਏ ਸਾਡੇ ਤੱਕ ਪਹੁੰਚਾਉਣ ਤਾਂ ਜੋ ਉਹਨਾਂ ਦੀ ਸੋਚ ਅਤੇ ਵਿਚਾਰ ਮੈਗਜ਼ੀਨ ਵਿੱਚ ਛਪਵਾ ਕੇ ਆਉਣ ਵਾਲੀ ਨੌਜਵਾਨ ਪੀੜ੍ਹੀ ਦੀ ਹੌਂਸਲਾ ਅਫ਼ਜਾਈ ਕੀਤੀ ਜਾਵੇ। ਸੋ ਨਵੀਂ ਪੀੜ੍ਹੀ ਦੇ ਵਿਚਾਰਾਂ ਦੀ ਸਮੂਲੀਅਤ ਲਈ ਸਮੂਹ ਮੈਨੇਜਮੈਂਟ ਵਲੋਂ ਉਡੀਕ ਕੀਤੀ ਜਾਵੇਗੀ।

3. **ਭਾਈ ਮਨੀ ਸਿੰਘ ਬਲਾਰ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਉ.ਸੀ. ਬਾਰੇ** - ਇਸ ਸੰਬੰਧ ਵਿੱਚ ਐਨ.ਉ.ਸੀ. ਪ੍ਰਾਪਤ ਕਰਨ ਲਈ ਲੋੜੀਂਦੀ ਕਾਰਵਾਈ ਤੇ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੱਖ-ਵੱਖ ਕੁਟੇਸ਼ਨਾਂ ਪ੍ਰਾਪਤ ਕੀਤੀਆਂ

ਗਈਆਂ ਹਨ।ਕਮੇਟੀ ਦੀ ਅਪਰੂਵਲ ਲੈਣ ਤੋਂ ਬਾਅਦ ਇਸ ਕੰਮ ਨੂੰ ਸਿਰੇ ਚੜ੍ਹਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ।ਮੈਂਟੀਨੈਂਸ ਸਕੱਤਰ ਜਸਪਾਲ ਸਿੰਘ ਜੀ ਤੇ ਹਰਦੇਵ ਸਿੰਘ ਜੀ ਵਲੋਂ ਇਸ ਕੰਮ ਨੂੰ ਬੜੀ ਹੀ ਮਿਹਨਤ ਨਾਲ ਵਾਚਿਆ ਜਾ ਰਿਹਾ ਹੈ।

4. **ਸਾਉਣ ਮਹੀਨੇ ਦੀ ਸੰਗਰਾਂਦ ਬਾਰੇ -**

**ਸਾਵਣਿ ਸਰਸੀ ਕਾਮਣੀ**

**ਚਰਨ ਕਮਲ ਸਿਉ ਪਿਆਰੁ ॥**

ਸ੍ਰ: ਭਗਤ ਸਿੰਘ, ਆਈ.ਏ.ਐਸ. (ਰਿਟਾ.) ਵਲੋਂ ਉਹਨਾਂ ਦੇ ਮਾਤਾ-ਪਿਤਾ ਜੀ ਨੂੰ ਯਾਦ ਕਰਕੇ ਮਨਾਇਆ ਗਿਆ। ਜਿਸ ਵਿਚ ਵੱਧ ਤੋਂ ਵੱਧ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਉਹਨਾਂ ਦੇ ਪਰਿਵਰਿਕ ਮੈਬਰਾਂ ਅਤੇ ਭਵਨ ਦੇ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਸ੍ਰ: ਭਗਤ ਸਿੰਘ ਜੀ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਅਣਥੱਕ ਮਿਹਨਤ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਲੁਬਾਣਾ ਬਰਾਦਰੀ ਨੂੰ ਵੱਡਮੁਲੀ ਦੇਣ ਤੇ ਚਾਨਣਾ ਪਾਉਂਦੇ ਹੋਏ, ਨਵੀਂ ਪੀੜ੍ਹੀ ਨੂੰ ਅੱਗੇ ਆਉਣ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਬਾਬਾ ਜੀ ਵਲੋਂ ਦਿੱਤੀਆਂ ਸਿੱਖਿਆਵਾਂ ਤੇ ਚੱਲਣ ਦੀ ਬੇਨਤੀ ਕੀਤੀ।

ਸਮੇਂ-ਸਮੇਂ ਸਿਰ ਸ. ਭਗਤ ਸਿੰਘ ਜੀ ਫਾਉਂਡੇਸ਼ਨ ਦੇ ਕਾਰਜ ਲਈ ਸੇਵਾਵਾਂ ਪ੍ਰਦਾਨ ਕਰਦੇ ਹੋਏ ਸਮੂਹ ਮੈਨੇਜਮੈਂਟ ਲਈ ਮਾਰਗ ਦਰਸ਼ਨ ਦਾ ਪ੍ਰਤੀਕ ਬਣਦੇ ਰਹਿੰਦੇ ਹਨ। ਭਵਨ ਵਿਖੇ ਮਨਾਈ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਮੌਕੇ ਉਹਨਾਂ ਨੇ ਸੰਗਤਾਂ ਨਾਲ ਕਈ ਯਾਦਾਂ ਸਾਂਝੀਆਂ ਕੀਤੀਆਂ ਅਤੇ ਇਸ ਮੌਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਲਈ 11000/- ਰੁਪਏ ਦੀ ਰਾਸ਼ੀ ਦਾਨ ਵਜੋਂ ਭੇਟ ਕੀਤੀ।

ਸਨਮਾਨਯੋਗ ਮੈਂਬਰਾਂ, ਕੀਰਤਨੀ ਜੱਥੇ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਉ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ।ਉਪਰੰਤ ਗੁਰੂ ਦਾ ਅਟੁੱਟ ਲੰਗਰ ਵਰਤਾਏ ਗਏ।

5. **ਡੈਂਟਲ ਕਲੀਨਿਕ ਦੀ ਰਿਪੋਰਟ ਅਨੁਸਾਰ** - ਡੈਂਟਲ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ ਡਾਕਟਰ ਅਵਨੀਤ ਬਾਨੀ ਲਾਂਬਾ ਵਲੋਂ ਡੈਟਲ ਸੇਵਾਵਾਂ ਬਾਖ਼ੂਬੀ ਨਿਭਾਈਆਂ ਜਾ ਰਹੀਆਂ ਹਨ। ਰਿਪੋਰਟ ਅਨੁਸਾਰ ਮਹੀਨੇ ਵਿਚ ਤਕਰੀਬਨ 100-125 ਮਰੀਜ਼ ਡੈਂਟਲ ਸੇਵਾਵਾਂ ਪ੍ਰਾਪਤ ਕਰ ਰਹੇ ਹਨ ਅਤੇ ਜਿਨ੍ਹਾਂ ਦੀ ਗਿਣਤੀ ਔਸਤਨ 4-5 ਮਰੀਜ਼ ਰੋਜ਼ਾਨਾ ਹੈ।

6. **ਅਪੀਲ** - ਪ੍ਰਧਾਨ ਜੀ ਵਲੋਂ ਅਪੀਲ ਕੀਤੀ ਜਾਂਦੀ ਹੈ ਕਿ ਜਿਹਨਾਂ ਮੈਂਬਰਾਂ ਸਾਹਿਬਾਨਾਂ ਜੀ ਨੂੰ ਮੈਗਜ਼ੀਨ ਦੀਆਂ ਸੇਵਾਵਾਂ ਸਮੇਂ ਸਿਰ ਨਹੀਂ ਮਿਲਦੀਆਂ ਜਾਂ ਠੀਕ ਪਤੇ ਤੇ ਪ੍ਰਾਪਤ ਨਹੀ ਹੁੰਦੀਆਂ ਉਹ ਫ਼ਾਊਡੇਸ਼ਨ ਦੁਆਰਾ ਜਾਰੀ ਕੀਤੇ ਮੋਬਾਇਲ ਨੰਬਰ ਤੇ ਸੰਪਰਕ ਕਰਕੇ ਅਪਣਾ ਪਤਾ ਸਹੀ ਕਰਵਾਉਣ ਜੀ।

# ਭੈਣਾਂ ਵਰਗਾ ਸਾਕ ਨਾ ਕੋਈ



ਦੁਨੀਆਂ ਦੇ ਸਮੁੱਚੇ ਰਿਸ਼ਤਿਆਂ ਵਿਚੋਂ ਭੈਣ-ਭਰਾ ਦਾ ਰਿਸ਼ਤਾ ਸਰਵੋਤਮ ਹੈ। ਭੈਣ ਦੇ ਚਾਵਾਂ ਦੀ ਮਹਿਕ ਉਨ੍ਹਾਂ ਰਾਹਾਂ ਵਿਚ ਖਿਲਰ ਜਾਂਦੀ ਹੈ ਜਿਨ੍ਹਾਂ ਰਾਹਾਂ ਉਤੋਂ ਉਸ ਦਾ ਵੀਰ ਗੁਜਰਦਾ ਹੈ। ਵੀਰ ਪਿਆਰ ਦੇ ਅਹਿਸਾਸ ਦੀ ਘਾਟ ਤਾਂ ਉਨ੍ਹਾਂ ਭੈਣਾਂ ਦੇ ਸੱਖਣੇ ਦਿਲ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦੇ ਹੱਥ ਹਰ ਸਾਲ ਆਪਣੇ ਵੀਰਾਂ ਦੇ ਗੁੱਟਾਂ ਉਪਰ ਰੱਖੜੀ ਬੰਨ੍ਹਣ ਲਈ ਤਰਸਦੇ ਰਹਿੰਦੇ ਹਨ।

ਸਾਲ ਬਾਅਦ ਜਦ ਰੱਖੜੀ ਦਾ ਤਿਉਹਾਰ ਆਉਂਦਾ ਹੈ ਤਾਂ ਉਸਦੀਆਂ ਸਧਰਾਂ ਤੇ ਚਾਅ ਮਾਨੋ ਕੁਮਲਾ ਜਾਂਦੇ ਹਨ। ਰੱਬ ਕੋਲੋਂ ਇਕੋ ਵੀਰ ਮੰਗਦੀ ਹੋਈ ਉਹ ਤਰਲਾ ਕਰ ਉਠਦੀ ਹੈ –

**ਇਕ ਵੀਰ ਦਈਂ ਵੇ ਰੱਬਾ,**

**ਚਿੱਤ ਰੱਖੜੀ ਬੰਨ੍ਹਣ ਨੂੰ ਕਰਦਾ।**

ਤੇ ਫੇਰ ਜਦੋਂ ਭੈਣ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦਾ ਦਿਲ ਵੀਰ ਪਿਆਰ ਲਈ ਮਚਲ ਉਠਦਾ ਹੈ। ਉਸਨੂੰ ਵੀਰ ਦੀ ਯਾਦ ਸਤਾਉਂਦੀ ਹੈ। ਵੀਰ ਦੇ ਵਿਆਹ ਦਾ ਵੀ ਭੈਣ ਨੂੰ ਚਾਅ ਹੁੰਦਾ ਹੈ। ਆਪਣੇ ਵੀਰ ਦੇ ਵਿਆਹ ਦੀ ਖੁਸ਼ੀ ਵਿਚ ਮਾਨੋ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗਦੀ। ਉਸਦਾ ਵੀਰ ਜਦੋਂ ਵਿਆਹ ਕਰਵਾ ਕੇ ਚੰਨ ਜਿਹੀ ਵਹੁਟੀ ਲੈ ਆਉਂਦਾ ਹੈ। ਆਪਣੀ ਭਾਬੀ ਦੇ ਮੁੱਖੜੇ ਤੋਂ ਘੁੰਡ ਚੁੱਕਦੀ ਹੋਈ ਉਹ ਖੁਸ਼ੀ ਵਿਚ ਫੁੱਲੀ ਨਹੀਂ ਸਮਾਉਂਦੀ।

ਉਸਦੀ ਸੱਸ ਦੇ ਅੱਖੜ ਸੁਭਾਅ ਨੂੰ ਉਸਦੇ ਵੀਰ ਦੀ ਆਮਦ ਨਾਲ ਜਿਵੇਂ ਸੱਪ ਸੁੰਘ ਜਾਂਦਾ ਹੈ। ਏਥੇ ਹੀ ਬੱਸ ਨਹੀਂ ਉਸਦੀ ਸੱਸ ਤਾਂ ਉਸਦੇ ਵੀਰ ਨੂੰ ਸੁੱਕੀ ਖੰਡ ਹੀ ਰੋਟੀ ਨਾਲ ਪਰੋਸ ਦਿੰਦੀ ਹੈ। ਉਸਦੇ ਮੂੰਹੋਂ ਸੱਸ ਦੀ ਮੱਝ ਨੂੰ ਦੁਰਅਸੀਸ ਹੀ ਨਿਕਲਦੀ ਹੈ।

ਬਾਬਲ ਦੇ ਵਿਹੜੇ ਵਿਚ ਗੁੱਡੀਆਂ ਪਟੋਲੇ ਖੇਡ ਕੇ ਜਵਾਨ ਹੋਈ ਭੈਣ ਦੀ ਸਾਂਝ ਆਪਣੇ ਮਾਂ-ਪਿਉ ਜਾਏ ਵੀਰ ਨਾਲ ਆਖਰੀ ਸੁਆਸਾਂ ਤੱਕ ਚਿਰੰਜੀਵ ਰਹਿੰਦੀ ਹੈ। ਜਦੋਂ ਵੀਰ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਮਾਨੋ ਬਾਬਲ ਦੇ ਵਿਹੜੇ ਵਿਚ ਚੰਨ ਚੜ੍ਹ ਜਾਂਦਾ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਉਸਦਾ ਵੀਰ ਕੰਮਾਂ ਕਾਰਾਂ ਵਿਚ ਗ਼ਲਤਾਨ ਉਸਨੂੰ ਮਿਲਣ ਲਈ ਕਿਤੇ ਕਿਤੇ ਦੇਰੀ ਕਰ ਦਿੰਦਾ ਹੈ ਤਾਂ ਭੈਣ ਦਾ ਦਿਲ ਉਦਾਸ ਹੋ ਜਾਂਦਾ ਹੈ। ਉਹ ਲੁਕ ਲੁਕ ਕੇ ਧੂੰਏਂ ਦਾ ਬਹਾਨਾ ਬਣਾ ਕੇ ਅੱਥਰੂ ਵਹਾਉਣ ਲੱਗ ਪੈਂਦੀ ਹੈ। ਵੀਰ ਦੀ ਚਿੱਠੀ ਵੀ ਪੇਕਿਆਂ ਦੀ ਸੁਖ ਸਾਂਦ ਉਸ ਕੋਲ ਪਹੁੰਚਾਉਂਦੀ ਰਹਿੰਦੀ ਹੈ। ਦੂਰ ਪਰਦੇਸ਼ਾਂ ਵਿਚ ਬੈਠੀ ਉਹ ਵੀਰ ਦੀ ਚਿੱਠੀ ਦੀ ਉਡੀਕ ਵਿਚ ਉਤਾਵਲੀ ਹੋ ਜਾਂਦੀ ਹੈ। ਭੈਣ ਨੂੰ ਆਪਣੇ ਵੀਰ ਦੇ ਅਹੁਦੇ 'ਤੇ ਵੀ ਕੋਈ ਘੱਟ ਮਾਣ ਨਹੀਂ ਹੁੰਦਾ। ਆਪਣੀਆਂ ਆਂਢਣਾਂ-ਗੁਆਂਢਣਾਂ ਨੂੰ ਬੜੇ ਫ਼ਖਰ ਨਾਲ ਉਹ ਦੱਸਦੀ ਹੈ–

**ਥਾਣੇਦਾਰ ਦੇ ਬਰੋਬਰ ਡਹਿੰਦੀ,**

**ਨੀ ਕੁਰਸੀ ਮੇਰੇ ਵੀਰ ਦੀ।**

ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਆਂ ਪਰਾਇਆ ਧਨ ਹੁੰਦੀਆਂ ਹਨ। ਕੁਆਰੀ ਹੁੰਦੀ ਸਮੇਂ ਉਸਦੇ ਰਾਜ਼ ਜਿਥੇ ਮਾਂ ਨਾਲ ਸਾਂਝੇ ਹੁੰਦੇ ਹਨ ਉਥੇ ਵਿਆਹ ਤੋਂ ਬਾਅਦ ਉਹ ਆਪਣੇ ਵੀਰ ਨਾਲ ਦੁੱਖੜੇ ਸਾਂਝੇ ਕਰਦੀ ਰਹਿੰਦੀ ਹੈ।

ਆਓ ਪਰਮ ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਇਸ ਪਵਿੱਤਰ ਤਿਉਹਾਰ 'ਤੇ ਸਾਰਿਆਂ ਦੇ ਵਿਹੜੇ ਖੁਸ਼ੀਆਂ ਨਾਲ ਭਰੇ ਰਹਿਣ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲੰਗਰ ਵਿਚ ਵਣਜਾਰਿਆਂ ਨੂੰ ਖੁਲ੍ਹਾਂ

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਆਪ ਜੀ ਜਦੋਂ ਸੰਨ 1946 ਵਿਚ ਵੈਸਾਖੀ ਤੇ ਗਏ ਤਾਂ ਆਪ ਜੀ ਨੇ ਵੇਖਿਆ ਕਿ ਵਣਜਾਰਿਆਂ ਦੀ ਸੰਗਤ ਨੂੰ ਲੰਗਰ ਵਿਚ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਨਹੀਂ ਸੀ ਛਕਾਇਆ ਜਾਂਦਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਰਬਰਾਹ ਗੁਪਾਲ ਸਿੰਘ ਨੂੰ ਬੜਾ ਤਾੜ ਕੇ ਕਿਹਾ ਕਿ ਵਣਜਾਰਾ ਸੰਗਤ ਦੀ ਭੇਟਾ ਲੈ ਲੈਂਦੇ ਹੋ ਤੇ ਉਨ੍ਹਾਂ ਨੂੰ ਲੰਗਰ ਵਿਚ ਪ੍ਰਸ਼ਾਦ ਛਕਣ ਦੀ ਮਨਾਹੀ ਹੈ। ਕੀ ਉਹ ਅਛੂਤ ਨੇ, ਤੁਸੀਂ ਕਿਉਂ ਨਹੀਂ ਇਹਨਾਂ ਨੂੰ ਲੰਗਰ ਵਿਚ ਪ੍ਰਸ਼ਾਦ ਛਕਣ ਦਿੰਦੇ। ਮਹਾਂਪੁਰਕਾਂ ਕਿਹਾ-ਕੱਲ੍ਹ ਸਾਡੇ ਵੱਲੋਂ ਲੰਗਰ ਹੋਵੇਗਾ, ਤੁਸੀਂ ਕਿਸੇ ਨੂੰ ਰੋਕਣਾ ਨਹੀਂ। ਪੰਗਤ ਵਿਚ ਬੈਠ ਕੇ ਸਭ ਨੂੰ ਲੰਗਰ ਛਕਾਇਆ ਜਾਵੇਗਾ। ਸਰਬਰਾਹ ਨੇ ਹੱਥ ਜੋੜ ਕੇ ਮਾਫ਼ੀ ਮੰਗੀ ਤੇ ਅਗਲੇ ਦਿਨ ਸਭ ਨੂੰ ਲੰਗਰ ਵਿਚ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਗਿਆ। ਇਸ ਤਰ੍ਹਾਂ ਆਪ ਜੀ ਨੇ ਛੂਤ-ਛਾਤ ਦੇ ਖਿਲਾਫ਼ ਭੀ ਬੜੀ ਜ਼ੋਰ ਨਾਲ ਲਹਿਰ ਚਲਾਈ, ਜਿਸ ਨਾਲ ਸਿੱਖ ਜਗਤ ਵਿਚ ਆਪ ਜੀ ਦੀ ਭਾਰੀ ਪ੍ਰਸੰਸ਼ਾ ਹੋਈ।

## ਦਾਸ ਦੀ ਸ਼ਾਦੀ ਲਈ ਵਿਚਾਰ ਤੇ ਰਿਸ਼ਤਾ

ਆਪ ਜੀ ਪਿੱਛੇ ਜਿਸ ਤਰ੍ਹਾਂ ਦਾਸ ਦੇ ਉੱਤੇ ਹਰ ਇੱਕ ਤਰ੍ਹਾਂ ਨਾਲ ਕਿਪਾ ਕਰਦੇ ਰਹੇ, ਹੁਣ ਆਪ ਜੀ ਦਾਸ ਦੀ ਸ਼ਾਦੀ ਲਈ ਭੀ ਬਹੁਤ ਯਤਨ ਕਰਦੇ ਸਨ। ਮੇਰੇ ਵਿਦਿਆ ਦਾਤੇ ਸਤਿਕਾਰਯੋਗ ਗਿ. ਸੁੰਦਰ ਸਿੰਘ ਜੀ ਭਿੰਡਰਾਂਵਾਲੇ ਹਮੇਸ਼ਾ ਵਾਂਗ ਮੁਰਾਲੇ ਦੇ ਧਾਰਮਿਕ ਸਮਾਗਮ ਤੇ 13-14-15 ਭਾਦਰੋਂ ਨੂੰ ਪੁੱਜੇ। ਦਾਸ ਭੀ ਜੋੜ ਮੇਲੇ 'ਤੇ ਪੁੱਜਾ ਸੀ। ਗਿਆਨੀ ਜੀ ਨੂੰ ਮਿਲਿਆ, ਮਿਲ ਕੇ ਬੜੇ ਖੁਸ਼ ਹੋਏ। ਸਭ ਸੁਖ ਸਾਂਦ ਪੁੱਛੀ। ਕਹਿਣ ਲੱਗੇ-ਤੇਰਾ ਸਾਨੂੰ ਪਤਾ ਲੱਗਾ ਹੈ ਕਿ ਤੂੰ ਸ਼ਾਦੀ ਕਰ ਰਿਹਾ ਹੈ। ਮੈਂ ਕਿਹਾ-ਜੀ ਹਾਂ, ਜਿਸ ਤਰ੍ਹਾਂ ਮਹਾਰਾਜ ਬਾਬਾ ਜੀ ਹੁਕਮ ਕਰਨਗੇ। ਕਹਿਣ ਲੱਗੇ-ਗ੍ਰਿਹਸਤ ਵਿਚ ਫਸ ਜਾਵੇਂਗਾ। ਤੇਰੇ ਤੇ ਕਈ ਆਸਾਂ ਉਮੀਦਾਂ ਸਨ ਤੂੰ ਇਹ ਕੀ ਪ੍ਰੋਗਰਾਮ ਬਣਾ ਲਿਆ।

ਮੈਂ ਬੜੇ ਸਤਿਕਾਰ ਨਾਲ ਕਿਹਾ ਕਿ ਮਹਾਰਾਜ ਮੈਂ ਚੰਗੀ ਤਰ੍ਹਾਂ ਵੇਖਿਆ ਹੈ, ਕੋਈ ਚੰਦ ਤੁਹਾਡੇ ਵਰਗੇ ਮਹਾਂਪੁਰਖ ਹਨ, ਬਾਕੀ ਸਭ ਸਾਧਾਂ ਵਿਚ ਭੀ ਠਾਠਾ ਬਾਗਾ ਹੀ ਹੈ। ਮੇਰਾ ਜਦੋਂ ਪੱਕਾ ਇਰਾਦਾ ਵੇਖਿਆ ਤਾਂ ਕਹਿਣ ਲੱਗੇ-ਚੰਗਾ ਜੇਕਰ ਤੇਰਾ ਪੱਕਾ ਇਰਾਦਾ ਸ਼ਾਦੀ ਕਰਾਉਣ ਦਾ ਬਣ ਗਿਆ ਹੈ ਤਾਂ ਫਿਰ ਮਹੰਤ ਸਾਹਿਬਾਂ ਨੂੰ (ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ) ਤੇਰੀ ਸ਼ਾਦੀ ਆਪ ਕਰਾਉਣੀ ਚਾਹੀਦੀ ਹੈ। ਮੈਂ ਕਿਹਾ-ਜੀ ਉਹ ਅੱਗੇ ਹੀ ਆਪ ਯਤਨ ਕਰ ਰਹੇ ਹਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਗਿਆਨੀ ਜੀ ਨੇ ਆਪ ਬੜੇ ਜ਼ੋਰ ਨਾਲ ਕਿਹਾ ਕਿ ਚੇਤ ਸਿੰਘ ਨੇ ਤੁਹਾਡੀ ਬੜੀ ਸੇਵਾ ਕੀਤੀ ਹੈ ਤੇ ਜੇਕਰ ਹੁਣ ਇਸ ਦਾ ਸ਼ਾਦੀ ਕਰਾਉਣ ਦਾ ਮਨ ਬਣ ਗਿਆ ਹੈ ਤਾਂ ਫਿਰ ਤੁਸੀਂ ਆਪ ਇਸ ਦੀ ਸ਼ਾਦੀ ਕਰਾਓ। ਜੇਕਰ ਤੁਸੀਂ ਇਸ ਦੀ ਸ਼ਾਦੀ ਨਹੀਂ ਕਰਾਉਣੀ ਤਾਂ ਅਸੀਂ ਆਪ ਇਸ ਦੀ ਸ਼ਾਦੀ ਕਰ ਦਿੰਦੇ ਹਾਂ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕਿਹਾ ਕਿ ਨਹੀਂ ਸਾਨੂੰ ਫ਼ਿਕਰ ਹੈ, ਜਲਦੀ ਹੀ ਇਸ ਦੀ ਸ਼ਾਦੀ ਹੋ ਜਾਵੇਗੀ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਨਕੇ ਪਿੰਡ ਗਹੋਤ ਪੋਹਕਰ ਜ਼ਿਲ੍ਹਾ ਗੁਰਦਾਸਪੁਰ ਵਿਚ ਸਨ। ਜੈਸਾ ਕਿ ਪਹਿਲੇ ਮੈਂ ਬਾਬਾ ਵਸਾਵਾ ਸਿੰਘ ਜੀ ਦੀ ਸ਼ਾਦੀ ਦਾ ਜ਼ਿਕਰ ਗਹੋਤ ਪੋਹਕਰ ਕਰਨ ਦੇ ਲੇਖ ਵਿਚ ਕਰ ਆਇਆ ਹਾਂ, ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਨਾ ਜੀ ਸ. ਭੋਲਾ ਸਿੰਘ ਜੀ ਦੇ ਸਪੁੱਤਰ ਸ. ਘਨੱਈਆ ਸਿੰਘ ਜੀ ਸਨ। ਸ. ਘਨੱਈਆ ਸਿੰਘ ਜੀ ਦੇ ਸਪੁੱਤਰ ਸ. ਊਧਮ ਸਿੰਘ ਜੀ, ਸ. ਤਾਬਾ ਸਿੰਘ ਜੀ, ਸ. ਫੂਲਾ ਸਿੰਘ ਜੀ, ਸ. ਦੂਲਾ ਸਿੰਘ ਜੀ ਅਤੇ ਸ. ਸ਼ੰਕਰ ਸਿੰਘ ਜੀ ਸਨ। ਮਹਾਂਪੁਰਖ ਗਹੋਤੀ ਬਾਬੇ ਬਕਾਲੇ ਦੇ ਬੁੰਗੇ ਦੀ ਉਗਰਾਹੀ ਦੇ ਸੰਬੰਧ ਵਿਚ ਗਏ। ਆਪ ਜੀ ਨੇ ਆਪਣੇ ਮਾਮੇ ਦੇ ਪੁੱਤਰ ਭਾਈ ਦੂਲਾ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਈਸ਼ਰ ਕੌਰ ਨੂੰ ਕਿਹਾ ਕਿ ਪਤਾ ਲੱਗਾ ਹੈ ਕਿ ਤੁਹਾਡੀ ਲੜੀ ਵਰ ਯੋਗ ਹੈ, ਇਸ ਦਾ ਰਿਸ਼ਤਾ ਗਿਆਨੀ ਚੇਤ ਸਿੰਘ ਨਾਲ ਕਰ ਦਈਏ। ਦੋਹਾਂ ਨੇ ਹੱਥ ਜੋੜ ਕੇ ਕਿਹਾ ਕਿ ਮਹਾਰਾਜ! ਸਭ ਬੱਚੇ ਬੱਚੀਆਂ ਆਪ ਜੀ ਦੀਆਂ ਹਨ, ਜਿਸ ਤਰ੍ਹਾਂ ਯੋਗ ਸਮਝੋ, ਜਿਥੇ ਚਾਹੋ ਆਪ ਕਰੋ। ਇਹ ਦੋਨੋਂ ਬੜੇ ਹੀ ਗੁਰਮੁਖ ਸਨ।

ਭਾਈ ਦੂਲਾ ਸਿੰਘ ਜੀ ਨੇ ਨੌਕਰੀ ਕੀਤੀ ਹੋਈ ਸੀ। ਨਾਮ ਦੀ ਚੰਗੀ ਰੰਗਣ ਚੜ੍ਹੀ ਹੋਈ ਸੀ। ਮਾਤਾ ਈਸ਼ਰ ਕੌਰ ਦਾ ਪੇਕਾ ਘਰ ਬੜਾ ਗੁਰਮੁਖ ਪਰਿਵਾਰ ਸੀ। ਪੰਜ ਭਰਾ ਸਨ, ਪੰਜੇ ਫੌਜ ਵਿਚ ਨੌਕਰ। ਆਪਣਾ ਗੁਰਦੁਆਰਾ ਬਣਾਇਆ ਹੋਇਆ ਸੀ। ਵੱਡੇ ਭਾਈ ਅਰੂੜ ਸਿੰਘ ਜੀ ਰਸਾਲੇ ਵਿਚ ਗ੍ਰੰਥੀ ਦੀ ਸੇਵਾ ਕਰਦੇ ਸਨ। ਇਨ੍ਹਾਂ ਦਾ ਪਿੰਡ ਸਲ੍ਹੋਪੁਰਾ ਜ਼ਿਲ੍ਹਾ ਗੁਰਦਾਸਪੁਰ ਕਾਹਨੋਵਾਨ ਦੇ ਪਾਸ ਹੈ। ਮਾਤਾ ਈਸ਼ਰ ਕੌਰ ਗੁਰਮੁਖੀ ਪੜ੍ਹੇ ਹੋਏ ਸਨ, ਇਸ ਲਈ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰੱਖੀ ਹੋਈ ਸੀ। ਰੋਜ਼ ਪ੍ਰਕਾਸ਼ ਕਰਦੇ, ਦਰਸ਼ਨ ਕਰਦੇ ਤੇ ਨਿਤਨੇਮ ਕਰਦੇ ਸਨ। ਇਸ ਤਰ੍ਹਾਂ ਮਾਤਾ ਈਸ਼ਰ ਕੌਰ ਜੀ ਨੇ ਅਤੇ ਭਾਈ ਦੂਲਾ ਸਿੰਘ ਜੀ ਨੇ ਮਹਾਂਪੁਰਖਾਂ ਦਾ ਬਚਨ ਸਤ ਕਰਕੇ ਮੰਨ ਲਿਆ ਤੇ ਰਿਸ਼ਤਾ ਹੋ ਗਿਆ। ਮਹਾਂਪੁਰਖਾਂ ਨੇ ਕਿਸੇ ਰੋਕੇ, ਠਾਕੇ, ਸ਼ਗਨ ਆਦਿ ਦੀ ਕੋਈ ਲੋੜ ਨਾ ਸਮਝੀ। ਕੇਵਲ ਅਰਦਾਸ ਆਪ ਜੀ ਨੇ ਆਪ ਹੀ ਕਰ ਦਿੱਤੀ।

(ਚਲਦਾ)

**ਕਿਰਤ ਕਰੋ, ਨਾਮ ਜਪੋ, ਵੰਡ ਛਕੋ।**

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ

ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)

## ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਸਿੱਧ ਸਿੱਖ ਨਾਇਕ ਤਖਤ ਮੱਲ ਅਤੇ ਨਾਇਕ ਭਗਵਾਨ ਦਾਸ

ਸ੍ਰੀ ਹਰਿਗੋਬਿੰਦ ਸਾਹਿਬ ਦੇ ਸਮੇਂ ਕਈ ਅਜਿਹੇ ਸਿੱਖ ਸਨ ਜੋ ਲੁਬਾਣਾ ਸਮੁਦਾਇ ਨਾਲ ਸਬੰਧਿਤ ਸਨ। ਇਨ੍ਹਾਂ ਵਿਚੋਂ ਨਾਇਕ ਤਖਤ ਮੱਲ ਦਾ ਨਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵਾਰ 11 ਪਉੜੀ 29 ਵਿਚ ਹੇਠ ਲਿਖੇ ਅਨੁਸਾਰ ਦਿੱਤਾ ਹੈ –

**"ਤਖਤੂ ਧੀਰ ਗੰਭੀਰ ਹੈ।"**

ਧੀਰਜ ਵਾਲਾ ਅਤੇ ਗੰਭੀਰ ਹੋਣਾ ਮਨੁੱਖ ਦੇ ਬਹੁਤ ਵੱਡੇ ਗੁਣ ਹਨ ਅਤੇ ਇਨ੍ਹਾਂ ਬਾਰੇ ਪਹਿਲਾਂ ਹੀ ਸੰਖੇਪ ਹਾਲ ਦਿੱਤਾ ਜਾ ਚੁੱਕਾ ਹੈ। ਇਸੇ ਵਾਰ ਦੀ 30ਵੀਂ ਪਉੜੀ ਵਿਚ ਭਾਈ ਮੱਖਣ ਸ਼ਾਹ ਦੇ ਪਿਤਾ ਜੀ ਦਾ ਨਾਮ ਹੇਠ ਅਨੁਸਾਰ ਦਿੱਤਾ ਹੋਇਆ ਹੈ –

**"ਭਗਤੁ ਭਈਆ ਭਗਵਾਨ ਦਾਸ ਨਾਇ ਬੋਦਲਾ ਘਰੇ ਉਦਾਸੁ।"**

ਨਾਇਕ ਭਗਵਾਨ ਦਾਸ ਨੂੰ ਭਗਤ ਕਰਕੇ ਸੰਬੋਧਨ ਕਰਨਾ ਬੜਾ ਸਪੱਸ਼ਟ ਕਰਦਾ ਹੈ ਕਿ ਉਨ੍ਹਾਂ ਦੀ ਗੁਰੂ ਘਰ ਵਿਚ ਕਿਤਨੀ ਸ਼ਰਧਾ ਸੀ ਅਤੇ ਭਾਈ ਗੁਰਦਾਸ ਜੀ ਦੇ ਮਨ ਵਿਚ ਉਨ੍ਹਾਂ ਦਾ ਕਿਤਨਾ ਸਤਿਕਾਰ ਸੀ।

## ਭਾਈ ਹੰਦਾਲਾ ਜੀ

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੇ ਇਕ ਹੋਰ ਗੁਰਸਿੱਖ ਭਾਈ ਹੰਦਾਲਾ ਜੀ ਸਨ। ਭਾਈ ਜਸਵੰਤ ਸਿੰਘ ਅਤੇ ਗਿਆਨੀ ਹਰਨਾਮ ਸਿੰਘ ਇਨ੍ਹਾਂ ਨੂੰ ਨਾਇਕ ਤਖਤ ਮੱਲ ਦੇ ਪੁੱਤਰ ਲਿਖਦੇ ਹਨ ਅਤੇ ਸੰਡਲਸ ਗੋਤ ਦੇ ਲਿਖਦੇ ਹਨ। ਇਨ੍ਹਾਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਹੰਦਾਲਾ ਜੀ ਨੂੰ ਦੇਵਾ ਬਟਾਲਾ ਨੇੜੇ ਪੁੱਤਰਾਂ ਦਾ ਵਰ ਦਿੱਤਾ ਸੀ ਅਤੇ ਭਾਈ ਧਰਮ ਦਾਸ ਇਨ੍ਹਾਂ ਦੇ ਪੁੱਤਰ ਜਨਮਿਆ, ਜਿਸ ਦਾ ਪੋਤਰਾ ਭਾਈ ਸੰਗਤ ਸਿੰਘ ਸੀ ਜਿਨ੍ਹਾਂ ਨੇ ਚਮਕੌਰ ਸਾਹਿਬ ਵਿਚ ਗੁਰੂ ਜੀ ਦੇ ਬਸਤਰ ਪਹਿਨ ਕੇ ਸ਼ਹਾਦਤ ਦਿੱਤੀ ਸੀ। ਭਾਈ ਧਰਮ ਦਾਸ ਦੇ ਦੂਸਰੇ ਭਰਾ ਭਾਈ ਲੱਖੀ ਸ਼ਾਹ ਸਨ ਜਿਨ੍ਹਾਂ ਨੌਵੇਂ ਸਤਿਗੁਰੂ ਦਾ ਰਕਾਬ ਗੰਜ ਵਿਖੇ ਸੰਸਕਾਰ ਕੀਤਾ ਸੀ। ਸੰਤ ਪ੍ਰੇਮ ਸਿੰਘ ਜੀ ਨੇ ਲੁਬਾਣਾ ਸਮੁਦਾਇ ਨੂੰ ਮੁੜ ਸਿੱਖੀ ਨਾਲ ਜੋੜਿਆ ਸੀ। ਉਹ ਨਾਇਕ ਧਰਮ ਦਾਸ ਅਤੇ ਭਾਈ ਸੰਗਤ ਸਿੰਘ ਦੇ ਪਰਿਵਾਰ ਵਿਚੋਂ ਹੀ ਸਨ। ਗਿਆਨੀ ਹਰਨਾਮ ਸਿੰਘ ਅਨੁਸਾਰ, "ਗੁਰੂ ਹਰਿਗੋਬਿੰਦ ਸਿੰਘ ਜੀ ਇਕ ਵਾਰੀ ਮਾਤਾ ਭਾਗਭਰੀ ਦੇ ਅੰਤ ਸਮੇਂ ਕਾਰਜ ਨੂੰ ਸੁਆਰਨ ਕਸ਼ਮੀਰ ਜਾ ਰਹੇ ਸਨ। ਰਸਤੇ ਵਿਚ ਦੇਵਾ ਬਟਾਲਾ, ਜ਼ਿਲ੍ਹਾ ਗੁਜਰਾਤ ਦੇ ਨਜ਼ਦੀਕ ਵਪਾਰਕ ਤੰਬੂ ਲੱਗੇ



ਸਨ। ਉਸ ਦਿਨ ਇਕ ਤੂਫ਼ਾਨ ਆਇਆ, ਤੂਫ਼ਾਨ ਨੂੰ ਦੇਖ ਗੁਰੂ ਜੀ ਤੰਬੂਆ ਵੱਲ ਹੋ ਗਏ। ਅੱਗੋਂ ਬਾਬਾ ਹੰਦਾਲਾ ਜੀ ਘੋੜੇ ਦੀ ਵਾਂਗ ਪਕੜ ਕੇ ਵੱਡੇ ਤੰਬੂ ਵਿਚ ਸੁਣੇ ਘੋੜੇ ਲੈ ਗਏ। ਪੰਜ ਸਿੱਖ ਵੀ ਨਾਲ ਚਲੇ ਗਏ। ਗੁਰੂ ਜੀ ਰਾਤ ਤੰਬੂ ਵਿਚ ਹੀ ਰਹੇ। ਸਵੇਰੇ ਜਦੋਂ ਗੁਰੂ ਜੀ ਹੋਰਾਂ ਇਸ਼ਨਾਨ ਕਰਨ ਤੋਂ ਬਾਅਦ ਪੁੱਛਿਆ, ਭਾਈ ਹੰਦਾਲਾ ਜੀ ਆਪ ਦੇ ਕਿਤਨੇ ਸਪੁੱਤਰ ਹਨ? ਇਤਨੇ ਸਮੇਂ ਨੂੰ ਦੋ ਮਾਈਆਂ ਨੇ ਇਕ–ਇਕ ਰੁਪਿਆ ਅਤੇ ਇਕ–ਇਕ ਭੇਲੀ ਗੁੜ ਦੀ ਰੱਖ ਕੇ ਗੁਰੂ ਜੀ ਅੱਗੇ ਮੱਥਾ ਟੇਕਿਆ। ਫਿਰ ਦੁਬਾਰਾ ਜਦੋਂ ਗੁਰੂ ਜੀ ਨੇ ਪੁੱਛਿਆ ਾਪ ਦੇ ਕਿਤਨੇ ਲੜਕੇ ਹਨ? ਅਤੇ ਆਪ ਨੇ ਕਿਹਾ ਕੋਈ ਨਹੀਂ। ਦੋਹਾਂ ਮਾਈਆਂ ਨੇ ਕਿਹਾ ਲੜਕੇ ਦੇਣੇ ਆਪ ਜੀ ਦੀ ਮਿਹਰ ਹੈ। ਆਪ ਦੀ ਕ੍ਰਿਪਾ ਦੁਆਰਾ ਹੀ ਸਭ ਕੁਝ ਹੋ ਸਕਦਾ ਹੈ।" ਕੁਝ ਇਤਿਹਾਸਕਾਰ ਇਹ ਘਟਨਾ ਨਾਇਕ ਤਖਤ ਮੱਲ ਨਾਲ ਵਾਪਰੀ ਦੱਸਦੇ ਹਨ।

"ਗੁਰੂ ਜੀ ਨੇ ਭਾਈ ਹੰਦਾਲਾ ਅਤੇ ਮਾਈਆਂ ਦੀ ਨਿਮਰਤਾ ਨੂੰ ਦੇਖ ਕੇ ਫੁਰਮਾਇਆ। ਦੋ ਸਾਧੂ ਜੋ ਜੰਗਲ ਵਿਚ ਤਪੱਸਿਆ ਕਰ ਰਹੇ ਸਨ, ਆਪ ਦੀ ਪੁੱਤਰ ਕਾਮਨਾ ਪੂਰੀ ਕਰਨ ਆਉਣਗੇ।" ਇਹ ਪੁੱਤਰ ਭਾਈ ਧਰਮ ਦਾਸ ਅਤੇ ਲੱਖੀ ਸ਼ਾਹ ਸਨ।

(ਚਲਦਾ)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

**ਊਧਮਪੁਰ ਤੋਂ ਸ੍ਰੀਨਗਰ** : ਅਗਲੇ ਦਿਨ ਬਰੇਕਫਾਸਟ ਤੋਂ ਬਾਅਦ ਸ੍ਰੀਨਗਰ ਲਈ ਚਲ ਪਏ। ਰਾਹ ਵਿਚ ਚੜ੍ਹਾਈ ਦੇ ਨਾਲ-ਨਾਲ ਫੌਜ ਅਤੇ ਨੀਮ ਫੌਜੀ ਸੁਰੱਖਿਆ ਦਸਤਿਆਂ ਦੀਆਂ ਕਾਨਵੇ ਦੀਆਂ ਗੱਡੀਆਂ ਅਤੇ ਸਾਮਾਨ ਨਾਲ ਭਰੇ ਆਉਂਦੇ ਜਾਂਦੇ ਟਰੱਕਾਂ ਕਰਕੇ ਟਰੈਫਿਕ ਦੀ ਵਾਧੂ ਭੀੜ ਸੀ। ਰਸਤੇ ਵਿਚ ਇਕ ਖ਼ੂਨੀ ਨਾਲਾ ਵੀ ਆਇਆ ਜਿੱਥੇ ਪੱਥਰ ਡਿੱਗਣ ਕਰਕੇ ਬਹੁਤ ਹਾਦਸੇ ਹੁੰਦੇ ਸੀ। ਇਸ ਦਾ ਕਾਰਨ ਕਿਸੇ ਗਾਇਬੀ ਰੂਹ ਦੇ ਵਹਿਮ ਨੂੰ ਦੂਰ ਕਰਨ ਲਈ ਇਕ ਛੋਟਾ ਜਿਹਾ ਮੰਦਰ ਵੀ ਬਣਿਆ ਹੋਇਆ ਹੈ। ਉਸ ਤੋਂ ਅੱਗੇ 7000 ਫੁੱਟ ਦੀ ਉਚਾਈ ਤੇ 2500 ਮੀਟਰ ਲੰਮੀ ਦੋਹਰੀ ਬਣੀ ਜਵਾਹਰ ਟਨਲ ਜਾਂ ਬਨੀਹਾਲ ਟਨਲ ਵਿਚੋਂ ਵੀ ਗੁਜ਼ਰੇ ਜੋ ਇੰਜੀਨੀਅਰਾਂ ਦਾ ਬਣਿਆ ਇਕ ਹੋਰ ਅਜੂਬਾ ਹੈ। ਦੇਸ਼ ਦੇ ਸਭ ਤੋਂ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂ ਤੇ ਬਣੀ ਇਸ ਸੁਰੰਗ ਅੰਦਰ ਬਿਜਲੀ ਦੇ ਬਲਬ ਹਰ ਵੇਲੇ ਜਗਦੇ ਰਹਿੰਦੇ ਹਨ। ਇਸ ਟਨਲ ਦੇ ਬਣਨ ਨਾਲ ਪੁਰਾਣੇ ਸਮਿਆਂ ਦੇ ਬਨੀਹਾਲ ਪਾਸ ਦੀ ਆਸਮਾਨ ਨੂੰ ਛੂੰਹਦੀ ਉੱਚੀ ਸੜਕ ਤੇ ਗੱਡੀਆਂ ਦੇ ਚਲਣ ਦੇ ਜਾਨ ਲੇਵਾ ਖਤਰਿਆਂ ਤੋਂ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਟਨਲ ਤੋਂ ਨਿਕਲ ਕੇ ਥੋੜ੍ਹੀ ਦੂਰੀ ਤੇ ਹੇਠਾਂ ਸਾਰੀ ਵਾਦੀ ਦਾ ਪਹਿਲਾ ਵਿਆਪਕ ਸੁੰਦਰ ਦ੍ਰਿਸ਼ ਇਕ ਨਜ਼ਰ ਵਿਚ ਵੇਖਣ ਲਈ ਬਣੇ, ਇਕ ਬਿੰਦੂ ਨੂੰ ਆਉਂਦੇ ਜਾਂਦੇ ਯਾਤਰੀ ਕਦੇ ਨਹੀਂ ਭੁਲਦੇ। ਇਥੋਂ ਸ੍ਰੀਨਗਰ ਤੱਕ ਲਗਭਗ 80 ਕਿਲੋਮੀਟਰ ਦੀ ਉਤਰਾਈ ਅਤੇ ਸਧਾਰਨ ਲੈਵਲ ਡਰਾਈਵਿੰਗ ਹੈ। ਬਨੀਹਾਲ ਦੇ ਬਸ ਅੱਡੇ ਦੇ ਇਕ ਵੈਸ਼ਨੂ ਢਾਬੇ ਤੇ ਜਾਂਦੀ ਅਤੇ ਵਾਪਸ ਆਉਂਦੀ ਵਾਰ ਲੰਚ ਕੀਤਾ। ਇਸ ਤੋਂ ਅਗਲੇ ਕਾਜ਼ੀਗੁੰਡ ਅੱਡੇ ਤੇ ਬੱਚਿਆਂ ਨੇ ਬੈਟ ਬਾਲ ਖਰੀਦੇ। ਇਥੇ ਦੁਕਾਨਾਂ ਬਹੁਤ ਨੇ ਅਤੇ ਇਹ ਜਗਾ ਬਾਦਾਮ, ਅਖਰੋਟ ਅਤੇ ਹੋਰ ਡਰਾਈ ਫਰੂਟ ਲਈ ਮਸ਼ਹੂਰ ਹੈ। ਪਰ ਇਕ ਦੋ ਦਿਨ ਪਹਿਲਾਂ ਇਥੇ ਇਕ ਬੰਬ ਵਿਸਫੋਟ ਹੋਣ ਕਰਕੇ ਸਾਡੇ ਤੋਂ ਬਿਨਾਂ ਨਾ ਕੋਈ ਗੱਡੀ ਏਥੇ ਖੜ੍ਹੀ ਸੀ ਅਤੇ ਨਾ ਹੀ ਕੋਈ ਰੌਣਕ ਸੀ। ਹਥਿਆਰ ਬੰਦ ਫੌਜੀ ਜਵਾਨ ਥੋੜ੍ਹੇ-ਥੋੜ੍ਹੇ ਫਾਸਲੇ ਤੇ ਸਾਰੀ ਸ਼ਾਹਰਾਹ ਤੇ ਖੜ੍ਹੇ ਨਜ਼ਰ ਆਉਂਦੇ ਸਨ। ਜਿਸ ਨਾਲ ਯਾਤਰੀਆਂ ਦਾ ਹੌਸਲਾ ਵਧਦਾ ਹੈ। ਸ੍ਰੀਨਗਰ ਪਹੁੰਚਣ ਤੇ ਪੁਰਾਣੇ ਹਵਾਈ ਅੱਡੇ ਕੋਲ ਇਕ ਰਜਮੈਂਟ ਦੀ ਅਫ਼ਸਰ ਮੈੱਸ ਵਿਚ ਸਾਡੀ ਪਹਿਲਾਂ ਤੋਂ ਹੀ ਉਡੀਕ ਕੀਤੀ ਜਾ ਰਹੀ ਸੀ। ਠਹਿਰਨ ਲਈ ਗੈਸਟ ਹਾਊਸ ਦੇ ਦੋ ਸੈੱਟ ਬੁੱਕ ਕੀਤੇ ਗਏ ਸਨ। ਸੁਰੱਖਿਆ ਦਾ ਪੂਰਾ ਪ੍ਰਬੰਧ ਸੀ। ਮੌਸਮ ਬੜਾ ਸੁਹਾਵਣਾ ਅਤੇ ਅਨੁਕੂਲ ਸੀ। ਰਾਤ ਨੂੰ ਸੌਣ ਵੇਲੇ ਕੰਬਲ ਦੀ ਲੋੜ ਪੈਂਦੀ ਸੀ। ਦਿਨ ਵੇਲੇ ਤਾਂ ਟੀ ਸ਼ਰਟਾਂ ਹੀ ਪਾਈ ਫਿਰਦੇ ਸਨ। ਇਥੇ ਅਸੀਂ ਚਾਰ ਦਿਨ ਠਹਿਰੇ।

**ਲਾਲ ਚੌਂਕ** : ਪਹਿਲੇ ਦਿਨ ਸ੍ਰੀਨਗਰ ਦੀ ਲੋਕਲ ਸੈਰ ਨੂੰ ਨਿਕਲੇ। ਸ਼ਹਿਰ ਦੇ ਪ੍ਰਸਿੱਧ ਸ਼ਾਪਿੰਗ ਸੈਂਟਰ ਅਤੇ ਅੱਤਵਾਦੀਆਂ ਦੀਆਂ ਗਤੀਵਿਧੀਆਂ ਲਈ ਬਦਨਾਮ ਲਾਲ ਚੌਂਕ ਨੂੰ ਜਾਣ ਵਾਲੀ ਸੜਕ ਤੇ ਇਕ ਨਵੇਂ ਬਣ ਰਹੇ ਫਲਾਈਓਵਰ ਕਰਕੇ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਦੀ ਭੀੜ ਹੱਦੋਂ ਵੱਧ ਅਤੇ ਸਾਹ ਘੁਟਨ ਵਾਲੀ ਸੀ।

ਭੀੜ ਤੋਂ ਨਿਕਲੇ ਤਾਂ ਅਗਲੇ ਚੌਂਕ ਵਿਚ ਟਰੈਫਿਕ ਦੇ ਸਿਪਾਹੀ ਨੇ ਕਾਰ ਦੀ ਇਨਸ਼ੋਰੈਂਸ ਨਾ-ਨਵਿਆਉਣ ਕਰਕੇ, ਚਲਾਨ ਦੀ ਧਮਕੀ ਦੇ ਕੇ ਮੂੰਹ ਮੰਗੀ ਰਿਸ਼ਵਤ ਲਈ। ਕਿਉਂ ਜੋ ਅਸੀਂ ਸਾਰੀ ਯਾਤਰਾ ਦੌਰਾਨ ਬਾਹਰ ਕਿਤੇ ਨਹੀਂ ਜ਼ਾਹਰ ਹੋਣ ਦਿੱਤਾ ਕਿ ਦੂਜੀ ਗੱਡੀ ਵਿਚ ਇਕ ਛੁੱਟੀ ਆਏ ਕਰਨਲ ਸਾਹਿਬ ਸਾਡੇ ਨਾਲ ਹਨ। ਲਾਲ ਚੌਂਕ ਵਿਚ ਕਾਫੀ ਚਹਿਲ ਪਹਿਲ ਸੀ। ਬੱਚਿਆਂ ਨੇ ਵੀ ਸ਼ਾਪਿੰਗ ਕੀਤੀ ਭਾਵੇਂ ਚੀਜ਼ਾਂ ਦੇ ਭਾ ਪੰਜਾਬ ਨਾਲੋਂ ਕਿਤੇ ਵੱਧ ਸਨ। ਲਾਲ ਚੌਂਕ ਵਿਚ ਅਤਿਵਾਦੀ ਕਾਰਵਾਈਆਂ ਕਾਰਨ ਸੜੀਆਂ ਇਮਾਰਤਾਂ ਅਤੇ ਉਨ੍ਹਾਂ ਤੇ ਗੋਲੀਆਂ ਦੇ ਨਿਸ਼ਾਨ ਸਾਫ਼ ਵਿਖਾਈ ਦੇ ਰਹੇ ਸਨ।

**ਡੱਲ ਲੇਕ** : ਲਾਲ ਚੌਂਕ ਤੋਂ ਥੋੜ੍ਹੀ ਦੂਰ ਡਲ ਲੇਕ ਤੇ ਵੀ ਯਾਤਰੀ ਸੁਰੱਖਿਆ ਦਾ ਕਾਫੀ ਪ੍ਰਬੰਧ ਸੀ। ਦੋ ਸ਼ਿਕਾਰੇ ਲੈ ਕੇ ਬੱਚਿਆਂ ਨੇ ਦੋ ਘੰਟੇ ਖੂਬ ਬੋਟਿੰਗ ਕੀਤੀ ਅਤੇ ਡਲ ਲੇਕ ਦੇ ਕੁਦਰਤੀ ਸੁੰਦਰ ਨਜ਼ਾਰਿਆਂ ਦਾ ਅਨੰਦ ਮਾਣਿਆ। ਏਥੇ ਹਜ਼ਾਰਾਂ ਦੀ ਗਿਣਤੀ ਵਿਚ ਹਾਊਸ ਬੋਟਸ ਆਪ ਨੂੰ ਜੀ ਆਇਆਂ ਕਹਿੰਦੀਆਂ ਹਨ। ਇਕ ਹਾਊਸ ਬੋਟ ਵਿਚ ਆਮ ਤੌਰ ਤੇ ਤਿੰਨ ਚਾਰ ਚੰਗੇ ਸਜਾਏ ਬੈੱਡਰੂਮ, ਨਾਲ ਲਗਦੇ ਬਾਥਰੂਮ, ਡਰਾਇੰਗ ਅਤੇ ਡਾਈਨਿੰਗ ਰੂਮ ਹੁੰਦੇ ਹਨ। ਇਨ੍ਹਾਂ ਵਿਚ ਬਿਜਲੀ ਅਤੇ ਟੈਲੀਫ਼ੋਨ ਦੀ ਸੁਵਿਧਾ ਵੀ ਉਪਲਬਧ ਹੁੰਦੀ ਹੈ। ਲੇਕ ਵਿਚ ਵੇਖਣਯੋਗ ਚਾਰਚਨਾਰੀ ਟਾਪੂ ਵੀ ਹੈ। ਲੇਕ ਵਿਚ ਇਕ ਪਾਸੇ ਕਈ ਪ੍ਰਕਾਰ ਦੇ ਕੰਵਲ ਵਰਗੇ ਫੁਲ ਪਾਣੀ ਉੱਪਰ ਤੈਰਦੇ ਬੜੇ ਸੁੰਦਰ ਲਗਦੇ ਹਨ। ਏਥੇ ਕਸ਼ਮੀਰੀ ਦਸਤਕਾਰੀ ਦੀਆਂ ਵਸਤੂਆਂ ਵੇਚਣ ਵਾਲੇ ਆਪਣੀਆਂ ਸ਼ਿਕਾਰਿਆਂ ਵਿਚ ਸਜਾਈਆਂ ਤੈਰਦੀਆਂ ਦੁਕਾਨਾਂ ਲੈ ਕੇ ਯਾਤੀਆਂ ਨੂੰ ਘੇਰੀ ਰੱਖਦੇ ਹਨ। ਸ਼ਿਕਾਰੇ ਵਾਲੇ ਬੜੇ ਖੁਸ਼ ਨਜ਼ਰ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਸਾਲ ਬਹੁਤ ਟੂਰਿਸਟ ਆਏ ਹਨ ਅਤੇ ਇਹ ਕਿ ਹਮਾਰੇ ਪਾਸ ਆਪ ਕੋ ਕੋਈ ਖਤਰਾ ਨਹੀਂ। ਇਸ ਤੋਂ ਬਾਅਦ ਗਵਰਨਰ ਹਾਊਸ ਕੋਲੋਂ ਲੰਘ ਕੇ ਚਸ਼ਮਾ ਸ਼ਾਹੀ ਪਹੁੰਚੇ।

**ਚਸ਼ਮਾ ਸ਼ਾਹੀ, ਨਿਸ਼ਾਤ ਅਤੇ ਸ਼ਾਲੀਮਾਰ ਬਾਗ** : ਇਨ੍ਹਾਂ ਥਾਵਾਂ ਤੇ ਦਾਖਲਾ ਟਿਕਟ ਲੈ ਕੇ ਹੁੰਦਾ ਹੈ। ਚਸ਼ਮਾ ਸ਼ਾਹੀ ਇਕ ਬੜਾ ਹੀ ਸੁੰਦਰ ਅਤੇ ਖੁਲ੍ਹਾ ਪਿਕਨਿਕ ਸਪਾਟ ਹੈ। ਦੋ ਸਟੇਜਾਂ ਤੋਂ ਉੱਪਰ ਤੀਜੀ ਸਟੇਜ ਤੇ ਇਕ ਕੁਦਰਤੀ ਚਸ਼ਮਾ ਹੈ। ਜਿਸ ਵਿਚੋਂ ਬੜਾ ਸਾਫ਼ ਅਤੇ ਮਿੱਠਾ ਪਾਣੀ ਨਿਕਲ ਰਿਹਾ ਹੈ। ਇਹ ਪਾਣੀ ਕਈ ਰੋਗ ਵੀ ਦੂਰ ਕਰਦਾ ਹੈ। ਉਥੇ ਦਾ ਇਕ ਕਰਮਚਾਰੀ ਦਸ ਰਿਹਾ ਸੀ ਕਿ ਹਿੰਦੋਸਤਾਨ ਦੇ ਪਹਿਲੇ

ਵਜ਼ੀਰੇ-ਆਜ਼ਮ ਜਵਾਹਰ ਲਾਲ ਨਹਿਰੂ ਇਸ ਚਸ਼ਮੇ ਦਾ ਪਾਣੀ ਮੰਗਵਾ ਕੇ ਪੀਆ ਕਰਦੇ ਸਨ। ਬੜੇ ਸੁੰਦਰ ਪੇੜ ਪੌਦੇ, ਗੁਲਾਬ ਅਤੇ ਹੋਰ ਕਈ ਪ੍ਰਕਾਰ ਦੇ ਰੰਗ ਬਿਰੰਗੇ ਫੁਲਾਂ ਨਾਲ ਕਿਆਰੀਆਂ ਭਰੀਆਂ ਪਈਆਂ ਸਨ। ਉਸੇ ਵੇਲੇ ਨਾਲ ਲਗਦੇ ਉਚੇ ਪਹਾੜਾਂ ਤੋਂ ਮੀਂਹ ਵਸਾਉਂਦੇ ਬੱਦਲ ਆ ਗਏ ਅਤੇ ਵਰਖਾ ਹੋਣ ਲੱਗ ਪਈ। ਅਸੀਂ ਤਾਂ ਚਨਾਰ ਦੇ ਇਕ ਵੱਡੇ ਰੁੱਖ ਹੇਠਾਂ ਚਲੇ ਗਏ ਪਰ ਬੱਚੇ ਬੈਟ ਬਾਲ ਖੇਡਦੇ ਰਹੇ। ਇਸ ਤੋਂ ਅੱਗੇ ਨਿਸ਼ਾਤ ਬਾਗ ਗਏ। ਇਹ ਬਾਗ ਪਹਾੜ ਵਿਚ ਪੌੜੀਆਂ ਕਟ ਕਟ ਕੇ ਬਣਾਇਆ ਲਗਦਾ ਹੈ। ਇਸ ਤੋਂ ਅਗੇ ਸ਼ਾਲੀਮਾਰ ਬਾਗ ਵਿਚ ਵੀ ਬੜੀ ਰੌਣਕ ਸੀ। ਇਹ ਬਾਗ ਬੜਾ ਹੀ ਖੁਲ੍ਹਾ ਅਤੇ ਕਈ ਸਟੇਜਾਂ ਵਿਚ ਹੈ। ਦਰਮਿਆਨ ਵਿਚ ਹਰ ਵੇਲੇ ਚਲਦੇ ਸਟੇਜਾਂ ਤੋਂ ਡਿਗਦੇ ਝਰਨੇ ਹਨ ਜੋ ਬਾਗ ਦੀ ਖੂਬਸੂਰਤੀ ਨੂੰ ਦੋਬਾਲਾ ਕਰਦੇ ਹਨ। ਵੱਡੇ-ਵੱਡੇ ਚਨਾਰ ਦੇ ਰੁਖ ਹਨ। ਕਿਹਾ ਜਾਂਦਾ ਹੈ ਕਿ ਇਹ ਰੁਖ ਮੁਗਲ ਬਾਦਸ਼ਾਹ ਜਹਾਂਗੀਰ ਨੇ ਆਪ ਲਵਾਏ ਸਨ ਅਤੇ ਇਹ ਈਰਾਨ ਤੋਂ ਲਿਆਂਦੇ ਗਏ ਸਨ। ਲੰਮੇ ਚੌੜੇ ਹਰੇ ਭਰੇ ਘਾਹਦਾਰ ਲਾਅਨ ਹਨ। ਹੇਠਲੀ ਸਟੇਜ ਤੇ ਪਾਣੀ ਦੇ ਫੁਹਾਰੇ ਵੀ ਚਲ ਰਹੇ ਸਨ। ਸੈਰ ਕਰਨ ਵਾਲਿਆਂ ਦੀ ਵੱਡੀ ਭੀੜ ਸੀ।

ਸ੍ਰੀਨਗਰ ਦੀ ਡਲ ਲੇਕ ਅਤੇ ਬਾਗਾਂ ਦੀ ਸੈਰ ਉਪਰੰਤ ਸ਼ਾਮ ਨੂੰ ਵਾਪਸ ਅਫ਼ਸਰ ਮੈੱਸ ਆਉਣ ਵੇਲੇ ਇਕ ਗੱਡੀ ਵਿਚ ਪਏ ਨੁਕਸ ਕਾਰਨ ਵਰਕਸ਼ਾਪ ਵਿਚ ਹੀ ਹਨ੍ਹੇਰਾ ਹੋ ਗਿਆ। ਸੁਰੱਖਿਆ ਗੇਟ ਤੇ ਦੂਰੋਂ ਹੀ ਇਸ ਕਾਰ ਦੇ ਡਰਾਈਵਰ ਨੂੰ ਟਾਰਚਾਂ ਨਾਲ ਚੈਲੰਜ ਕੀਤਾ ਅਤੇ ਬਾਹਰ ਨਿਕਲ ਕੇ ਹੈਂਡਜ਼ ਅਪ ਕਰਕੇ ਗੇਟ ਤੱਕ ਪੈਦਲ ਚੱਲ ਕੇ ਆਉਣ ਅਤੇ ਆਪਣੀ ਪਹਿਚਾਣ ਦੱਸਣ ਲਈ ਮਜਬੂਰ ਕੀਤਾ ਗਿਆ। ਕਾਰ ਵਿਚ ਬੈਠੇ ਬੱਚੇ ਸੁਰੱਖਿਆ ਦੀ ਇਕ ਛੋਟੀ ਜਿਹੀ ਝਲਕ ਵੇਖ ਕੇ ਸਹਿਮ ਗਏ।

**ਗੁਲਮਰਗ** : ਅਗਲੇ ਦਿਨ ਸ੍ਰੀਨਗਰ ਤੋਂ 53 ਕਿਲੋਮੀਟਰ ਦੂਰ ਗੁਲਮਰਗ ਦੀ ਸੈਰਗਾਹ ਵੇਖਣ ਗਏ। ਰਾਹ ਵਿਚ ਪੰਜਾਬ ਤੋਂ ਕਾਫੀ ਪਹਿਲਾਂ ਲੱਗੇ ਧਾਨ ਦੇ ਹਰੇ ਭਰੇ ਲਹਿਰਾਂਦੇ ਖੇਤਾਂ ਵਿਚ ਕਿਸਾਨ ਕੰਮ ਕਰਦੇ ਵੇਖੇ ਗਏ। ਏਥੇ ਕੋਈ ਟਿਊਬਵੈੱਲ ਨਜ਼ਰ ਨਹੀਂ ਆਇਆ। ਕੇਵਲ ਵਰਖਾ ਜਾਂ ਝਰਨਿਆਂ ਦੇ ਪਾਣੀ ਤੇ ਹੀ ਸਾਰੀ ਖੇਤੀ ਨਿਰਭਰ ਕਰਦੀ ਹੈ। ਗੁਲਮਰਗ ਵਿਖੇ ਯਾਤਰੀਆਂ ਦੀ ਵੱਡੀ ਭੀੜ ਸੀ। ਤਿੰਨਾਂ ਪਾਸਿਆਂ ਤੋਂ ਉੱਚੇ-ਉੱਚੇ ਦਿਉਦਾਰ ਦੇ ਰੁਖਾਂ ਨਾਲ ਢੱਕੇ ਪਹਾੜਾਂ ਨਾਲ ਘਿਰੀ ਹੋਈ ਹਰੀ ਭਰੀ ਸੈਰਗਾਹ ਹੈ। ਸਰਦੀਆਂ ਵਿਚ ਏਥੇ ਕਈ ਫੁਟ ਮੋਟੀ ਬਰਫ਼ ਦੀ ਤਹਿ ਜੰਮ ਜਾਂਦੀ ਹੈ। ਉਨ੍ਹਾਂ ਦਿਨਾਂ ਵਿਚ ਇਹ ਢਲਾਨਾਂ ਸਨੋ-ਸਕੀਇੰਗ ਅਤੇ ਹੋਰ ਬਰਫਾਨੀ ਖੇਡਾਂ ਲਈ ਪ੍ਰਸਿੱਧ ਹਨ। ਅਸੀਂ ਸਾਰਾ ਦਿਨ ਉਨ੍ਹਾਂ ਰੁਖਾਂ ਹੇਠ ਪਿਕਨਿਕ ਮਨਾਉਂਦੇ ਰਹੇ। ਬੱਚੇ ਬੈਟ ਬਾਲ ਖੇਡਦੇ ਰਹੇ। ਏਥੇ ਹੀ ਹਾਈ ਆਲਟੀਚਿਊਡ ਵਾਰਫੇਅਰ ਸਕੂਲ ਵੇਖਣ ਨੂੰ ਮਿਲਿਆ ਜਿਥੇ ਬੇਟੀ ਨਵਨੀਤ ਨੇ ਵੀ ਟਰੇਨਿੰਗ ਲਈ ਸੀ। ਕੋਲ ਹੀ ਹੈਲੀਪੈਡ ਤੇ ਦੋ ਹੈਲੀਕਾਪਟਰ ਲਾਈਨ ਆਫ਼ ਕੰਟਰੋਲ ਤੇ ਬੱਜਰੀ, ਸੀਮੈਂਟ ਅਤੇ ਹੋਰ ਫੈਨਸਿੰਗ ਦਾ ਸਾਮਾਨ ਲੈ ਜਾਣ ਲਈ ਖੜ੍ਹੇ ਸਨ। ਬੱਚਿਆਂ ਨੇ ਹੈਲੀਕਾਪਟਰ ਵਿਚ ਬੈਠ ਕੇ ਵੇਖਿਆ। ਗੁਲਮਰਗ ਤੋਂ ਅੱਗੇ ਬਰਫ਼ ਨਾਲ ਢੱਕੇ ਅਲਪੱਥਰ ਪਰਬਤ ਦੀ ਬਰਫਾਨੀ ਲੇਕ ਦੀ ਯਾਤਰਾ ਲਈ ਆਪਣੀ ਪਹਿਲੀ ਕਸ਼ਮੀਰ ਫੇਰੀ ਵੇਲੇ ਅਸੀਂ ਪੈਦਲ ਹਾਈਕਿੰਗ ਕਰਕੇ ਗਏ ਸਾਂ ਅਤੇ ਲੇਕ ਦੇ ਇਕ ਵੱਡੇ ਪੱਥਰ ਤੇ ਬੈਠ ਕੇ ਇਕ ਗਰੁੱਪ ਫੋਟੋ ਵੀ ਹੋਈ ਸੀ। ਪਰ ਹੁਣ ਕਸ਼ਮੀਰ ਦੇ ਹੋਏ ਵਿਕਾਸ ਸਦਕਾ ਮਾਡਰਨ ਗੰਡੋਲਾ ਕੇਬਲ ਕਾਰਾਂ ਅਲਪੱਥਰ ਪਰਬਤ ਅਤੇ ਹੋਰ ਦ੍ਰਿਸ਼ ਵੇਖਣ ਲਈ ਉਪਲਬਧ ਹਨ। ਏਥੇ ਮੇਰੇ ਮਨ ਵਿਚ ਕਲਪੱਤ ਕਸ਼ਮੀਰੀ ਅਤਿਵਾਦੀਆਂ ਦੀ ਸ਼ਕਲ ਵੀ ਵੇਖਣ ਨੂੰ ਮਿਲੀ। ਦੋ ਉੱਚੇ ਲੰਮੇ ਕਸ਼ਮੀਰੀ ਨੌਜਵਾਨ ਲੰਮੇ ਮੈਲੇ ਜਿਹੇ ਚੋਘੇ ਪਾਈਂ ਕੇਵਲ ਇਕ ਹੱਥ ਚੋਘੇ ਤੋਂ ਬਾਹਰ ਜਿਸ ਵਿਚ ਇਕ ਨੇ ਵਾਇਰਲੈੱਸ ਸੈੱਟ ਫੜਿਆ ਹੋਇਆ ਸੀ ਨਾਲ ਲਗਦੀ ਦੁਕਾਨ ਦੇ ਅੰਦਰ ਗਏ ਅਤੇ ਕੁਝ ਮਿੰਟਾਂ ਲਈ ਯਾਤਰੀਆਂ ਦੇ ਦੋ ਬੈਠੇ ਗਰੁੱਪਾਂ ਨੂੰ ਵੇਖਦੇ ਰਹੇ, ਖਾਸ ਕਰਕੇ ਕਰਨਲ ਅਤੇ ਉਸ ਨਾਲ ਬੈਠੇ ਬੇਟੇ ਜਸਵਿੰਦਰ ਨੂੰ। ਕੁਝ ਦੇਰ ਬਾਅਦ ਉਹ ਬਿਨਾਂ ਕੋਈ ਚੀਜ਼ ਖਰੀਦੇ ਉਸ ਦੁਕਾਨ ਤੋਂ ਬਾਹਰ ਚਲੇ ਗਏ।

(**ਚਲਦਾ**)


# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# "ਸ਼ਾਹ ਹੁਸੈਨ ਦੀ ਵਿਚਾਰਧਾਰਾ"

**'ਹਸਨਾਤੁਲ ਆਰਿਫ਼ੀਨ' ਕ੍ਰਿਤ ਦਾਰਾ ਸ਼ਿਕੋਹ ਅਨੁਸਾਰ "ਸ਼ਾਹ ਹੁਸੈਨ ਜੀ ਨੇ ਮਲ੍ਹਾਮਤੀਆਂ ਨੂੰ ਖ਼ੂਬ ਰੰਗ ਲਾਇਆ। ਉਨ੍ਹਾਂ ਦਾ ਤੌਰ-ਤਰੀਕਾ ਬੜਾ ਅਸਚਰਜ ਜਿਹਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਮੂੰਹ ਸਿਰ ਮੁੰਨਾ ਕੇ, ਲਾਲ ਸੂਹੇ ਕੱਪੜੇ ਪਾ ਕੇ, ਗਾਉਣ ਵਜਾਉਣ ਵਾਲਿਆਂ ਦੀ ਟੋਲੀ ਬਣਾ ਕੇ ਸਾਰੇ ਲਾਹੌਰ ਵਿਚ ਘੁੰਮਦੇ ਤੇ ਝੂੰਮਦੇ ਰਹਿੰਦੇ। ਉਹ ਇਕ ਬੜੀ ਸੁਤੰਤਰ ਤਬ੍ਹਾ ਵਾਲੇ ਬ੍ਰੇਵਾਹ ਜੀਊੜੇ ਸਨ। ਉਨ੍ਹਾਂ ਦੀਆਂ ਆਪਣੇ ਇਕ ਹਿੰਦੂ ਮੁਰੀਦ ਮਾਧੋ ਲਾਲ ਨੂੰ ਵਿਖਾਈਆਂ ਕਰਾਮਾਤਾਂ ਦਾ ਅੰਤ ਨਹੀਂ ਸੀ।**



ਮਸਤ ਅਲਮਸਤ ਲਟਬੌਰੇ ਸ਼ਾਇਰਾਂ ਦੇ ਆਵੇਸ਼ਮਈ ਬੋਲਾਂ ਵਿਚੋਂ ਕਿਸੇ ਦਿਸ਼ਾ ਤੇ ਦਸ਼ਾ ਵਿਸ਼ੇਸ਼ ਵਾਲੀ ਵਿਚਾਰਧਾਰਾ ਭਾਲਣ ਦੀ ਪ੍ਰਕਿਰਿਆ ਕਈ ਵਾਰੀ ਭਾਲਣ ਵਾਲੇ ਲਈ ਨਿਰਾਸ਼ਾਜਨਕ ਤੇ ਆਵੇਸ਼ਮਈ ਬੋਲਾਂ ਵਾਲੇ ਲਈ ਨਿਰਉਤਸ਼ਾਹਿਤ ਸਾਬਤ ਹੁੰਦੀ ਹੈ, ਕਿਉਂਕਿ ਸ਼ਾਇਰ ਅਕਸਰ ਸਵੈਵਿਰੋਧੀ ਮੰਨੇ ਜਾਂਦੇ ਹਨ। ਇਹ ਉਨ੍ਹਾਂ ਦਾ ਗੁਣ ਵੀ ਹੋ ਸਕਦਾ ਹੈ ਤੇ ਔਗੁਣ ਵੀ। ਵਾਲਟਵਿਟਮੈਨ ਨੂੰ ਜਦੋਂ ਉਨ੍ਹਾਂ ਦੇ ਆਲੋਚਕਾਂ ਨੇ ਉਸ ਦੇ ਸਵੈਵਿਰੋਧ ਤੋਂ ਸੁਚੇਤ ਕਰਵਾਇਆ ਤਾਂ ਉਸ ਦਾ ਉੱਤਰ ਕੋਈ ਖਿਮਾਂ-ਯਾਚਨਾ ਨਹੀਂ ਸੀ, ਸਗੋਂ ਮਾਣ ਭਰਿਆ ਇਕਬਾਲ ਸੀ –


**"ਮੈਂ ਸਵੈਵਿਰੋਧ ਕਰਦਾ ਹਾਂ।**
**ਚਲੋ ਇਵੇਂ ਹੀ ਸਹੀ,**
**ਮੈਂ ਸਵੈਵਿਰੋਧ ਕਰਦਾ ਹਾਂ।"**

ਪ੍ਰੋ. ਪੂਰਨ ਸਿੰਘ ਵੀ ਆਪਣੇ ਇਕ ਨਿਬੰਧ 'ਕਵੀ ਦਾ ਦਿਲ' ਵਿਚ ਸਮੁੱਚੀ ਕਵੀ ਸ਼੍ਰੇਣੀ ਨੂੰ ਪ੍ਰਤੱਖ ਤੌਰ ਤੇ ਆਪਣੇ ਆਪ ਨੂੰ ਅਪ੍ਰਤੱਖ ਤੌਰ ਤੇ ਸਵੈ-ਵਿਰੋਧ ਦਾ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਿਆਂ ਲਿਖਦਾ ਹੈ –

**"ਕਵੀ ਅੱਜ ਕੁਝ ਕਹਿੰਦਾ ਹੈ, ਕਲ੍ਹ ਕੁਝ ਹੋਰ। ਕਹਿਣ ਦਿਓ ਸੂ, ਕਵੀ ਜੁ ਹੋਇਆ।"**

ਇਸ ਤੱਥ ਤੋਂ ਗਿਆਤ ਹੁੰਦੇ ਹੋਏ ਵੀ, ਆਲੋਚਕ ਜਨ, ਕਵੀ ਵਿਸ਼ੇਸ਼ ਦੀ ਕਵਿਤਾ ਵਿਚੋਂ, ਉਸ ਦੀ ਵਿਚਾਰਧਾਰਾ ਦਾ ਅਵਲੋਕਨ ਕਰਨ ਦਾ ਪ੍ਰਯਾਸ ਕਰਦੇ ਹਨ। ਵਿਚਾਰਧਾਰਾ ਦੀ ਨਿਸ਼ਚਿਤ ਪ੍ਰਾਪਤੀ ਹੋਵੇ ਨਾ ਹੋਵੇ ਪ੍ਰੰਤੂ ਕਵਿਤਾ ਦੀਆਂ ਕੁਝ ਵਿਸ਼ੇਸ਼ਤਾਈਆਂ ਤੇ ਗਹਿਰਾਈਆਂ ਜ਼ਰੂਰ ਉਜਾਗਰ ਹੋ ਜਾਂਦੀਆਂ ਹਨ।


ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ
ਪੀ.ਈ.ਐਸ.-1
ਸੇਵਾ ਮੁਕਤ ਕਾਲਜ ਪ੍ਰਿੰਸੀਪਲ
98153-03206

ਸ਼ਾਹ ਹੁਸੈਨ ਪੰਜਾਬੀ ਸੂਫੀ ਕਾਵਿ ਦੇ ਦੂਜੇ ਦੌਰ ਦਾ ਇਕ ਸੁਪ੍ਰਸਿੱਧ ਕਵੀ ਸੀ, ਪਰ ਉਹ ਇਕ ਬਹੁਤ ਵੱਡਾ ਸਾਧਕ ਵੀ ਸੀ ਜਿਸ ਦੀ ਮਨ ਬਚਨ ਅਤੇ ਕਰਮ ਕਰਕੇ ਸੂਈ ਦੇ ਬਰੀਕ ਨੱਕੇ ਵਿਚੋਂ ਲੰਘਣ ਦੀ ਪ੍ਰਚੰਡ ਇੱਛਾ ਸੀ। ਉਸ ਦਾ ਸਾਰਾ 'ਕਾਫੀ-ਕਾਵਿ' ਆਪਣੇ 'ਮੂਲ' ਨੂੰ ਮੁੜ ਪਾਉਣ ਲਈ ਤੜਪ, ਪ੍ਰਾਪਤੀ, ਬਿਖੜੇ ਰਾਹਾਂ ਦਾ ਸੰਤਾਪ ਰੋਕਾਂ ਟੋਕਾਂ ਦਾ ਭਉ ਅਤੇ ਭਾਉ, ਅਮਲੇ ਨੂੰ ਪਾ ਸਕਣ ਦੇ ਕਾਬਲ, ਨਾਕਾਬਲ ਹੋ ਸਕਣ ਦਾ ਤੌਖਲਾ, ਅਖੀਰ ਆਪਣੀ ਹਉਂ ਨੂੰ ਗੁਆ ਕੇ, ਸੱਭ ਕੁਝ ਉਸੇ ਮੂਲ ਦੀ ਮਿਹਰ ਤੇ ਡਣ ਦੀ ਆਜਿਜ਼ੀ ਤੇ ਜੋਦੜੀ ਹੈ।

ਸ਼ਾਹ ਹੁਸੈਨ ਇਕ ਸੂਫ਼ੀ ਸਾਧਕ ਸੀ। ਇਹੋ ਵਾਕ ਹੀ ਉਸ ਦੀ ਵਿਚਾਰਧਾਰਾ ਦੀ ਆਰੰਭਿਕਾ ਅਤੇ ਅੰਤਿਕਾ ਹੈ। ਪ੍ਰੰਤੂ 'ਸੂਫ਼ੀ' ਹੋਣ ਦਾ ਸੰਕਲਪ ਆਪਣੇ ਆਪ ਵਿਚ ਇਕ ਬਹੁ-ਪੱਖੀ, ਬਹੁ-ਪਰਤੀ, ਅਸਪਸ਼ਟ ਅਤੇ ਸਵੈ-ਵਿਰੋਧੀ ਵੀ ਹੈ। ਇਕ ਸੂਫ਼ੀ ਦੂਸਰੇ ਨਾਲੋਂ, ਕਈਆਂ ਗੱਲਾਂ ਵਿਚ ਵੱਖਰਾ ਹੀ ਨਹੀਂ ਸਗੋਂ ਵਿਪਰੀਤ ਵੀ ਹੁੰਦਾ ਹੈ। ਸ਼ੇਖ ਫਰੀਦ ਵੀ ਸੂਫੀ, ਸ਼ਾਹ ਹੁਸੈਨ ਵੀ ਤੇ ਬੁਲ੍ਹੇ ਸ਼ਾਹ ਵੀ। ਪਰੰਤੂ ਇਨ੍ਹਾਂ ਤਿੰਨਾਂ ਦੇ ਹੀ ਵਿਚਾਰਾਂ ਵਿਚ ਭਿੰਨਤਾ ਹੈ –

**ਫਰੀਦਾ ਬੇਨਿਵਾਜਾ ਕੁਤਿਆ ਇਹੁ ਨ ਭਲੀ ਰੀਤਿ॥**
**ਕਬਹੂ ਚਲਿ ਨ ਆਇਆ ਪੰਜੇ ਵਖਤ ਮਸੀਤ॥**

**(ਸ਼ੇਖ ਫਰੀਦ)**

**ਸਾਂਈਂ ਜਿੰਨਾਦੜੇ ਵੱਲ ਤਿੰਨ੍ਹਾ ਨੂੰ ਗ਼ਮ ਕੈਂਦਾ ਵੇ ਲੋਕਾ।**

**(ਸ਼ਾਹ ਹੁਸੈਨ)**

**ਭੱਠ ਨਿਮਾਜਾਂ ਚਿਕੜ ਰੋਜ਼ੇ, ਕਲਮੇਂ ਤੇ ਫਿਰ ਗਈ ਸਿਆਹੀ।**

**(ਬੁਲ੍ਹੇ ਸ਼ਾਹ)**

ਇਸ ਲਈ ਸ਼ਾਹ ਹੁਸੈਨ ਦੀ ਵਿਚਾਰਧਾਰਾ ਨੂੰ ਕੇਵਲ ਸੂਫ਼ੀ ਵਿਚਾਰਧਾਰਾ ਕਹਿ ਕੇ ਸੁਰਖਰੂ ਨਹੀਂ ਹੋਇਆ ਜਾ ਸਕਦਾ। ਅਸਲੀਅਤ ਇਹ ਹੈ ਕਿ ਸਮੁੱਚੇ ਇਸਲਾਮ ਵਾਂਗ, ਸੂਫੀਆਂ ਦੇ ਵੀ ਕਈ ਫਿਰਕੇ ਹਨ ਜੋ ਇਨ੍ਹਾਂ ਦੇ ਆਪਸੀ ਵਿਚਾਰਾਂ ਦੀ ਵੱਖਰਤਾ ਭਿੰਨਤਾ ਅਤੇ ਵਿਰੋਧਾਭਾਸ ਦਾ ਆਧਾਰ ਬਿੰਦੂ ਹਨ।

ਫਿਰਕਿਆਂ ਦੀ ਵੰਡ ਅਨੁਸਾਰ, ਸ਼ਾਹ ਹੁਸੈਨ 'ਮਲ੍ਹਾਮਤੀਆਂ' ਫਿਰਕੇ ਵਿਚ ਆਉਂਦਾ ਹੈ। ਲੋਕ-ਲਾਜ ਅਤੇ ਸੁਚੱਜੀ ਸ਼ੁਹਰਤ ਤੋਂ ਬੇਪ੍ਰਵਾਹੀ ਇਸ ਫਿਰਕੇ ਦੀ ਖਾਸੀਅਤ ਹੈ। ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗਣਾ ਅਤੇ ਜ਼ਲੀਲ ਹੋਣਾ

ਇਨ੍ਹਾਂ ਨੂੰ ਆਪਣੇ ਹੱਕ ਵਿਚ ਸੁਕਾਰਜ ਹੋਣਾ ਲੱਗਦਾ ਹੈ। ਆਪਣੀ ਸ਼ੁਹਰਤ ਵਿਗਾੜਨੀ ਵੀ ਇਨ੍ਹਾਂ ਦੀ ਤੱਪ ਸਾਧਨਾ ਵਿਚ ਸ਼ਾਮਲ ਹੈ।

**'ਹਸਨਾਤੁਲ ਆਰਿਫ਼ੀਨ' ਕ੍ਰਿਤ ਦਾਰਾ ਸ਼ਿਕੋਹ** ਅਨੁਸਾਰ "ਸ਼ਾਹ ਹੁਸੈਨ ਜੀ ਨੇ ਮਲ੍ਹਾਮਤੀਆਂ ਨੂੰ ਖ਼ੂਬ ਰੰਗ ਲਾਇਆ। ਉਨ੍ਹਾਂ ਦਾ ਤੌਰ-ਤਰੀਕਾ ਬੜਾ ਅਸਚਰਜ ਜਿਹਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਮੂੰਹ ਸਿਰ ਮੁੰਨਾ ਕੇ, ਲਾਲ ਸੂਹੇ ਕੱਪੜੇ ਪਾ ਕੇ, ਗਾਉਣ ਵਜਾਉਣ ਵਾਲਿਆਂ ਦੀ ਟੋਲੀ ਬਣਾ ਕੇ ਸਾਰੇ ਲਾਹੌਰ ਵਿਚ ਘੁੰਮਦੇ ਤੇ ਝੂੰਮਦੇ ਰਹਿੰਦੇ। ਉਹ ਇਕ ਬੜੀ ਸੁਤੰਤਰ ਤਬ੍ਹਾ ਵਾਲੇ ਬੇਵ੍ਹਾਹ ਜੀਉੜੇ ਸਨ। ਉਨ੍ਹਾਂ ਦੀਆਂ ਆਪਣੇ ਇਕ ਹਿੰਦੂ ਮੁਰੀਦ ਮਾਧੋ ਲਾਲ ਨੂੰ ਵਿਖਾਈਆਂ ਕਰਾਮਾਤਾਂ ਦਾ ਅੰਤ ਨਹੀਂ ਸੀ। ਉਨ੍ਹਾਂ ਨੂੰ ਸਾਰਾ 'ਕੁਰਾਨ ਸ਼ਰੀਫ਼' ਜ਼ੁਬਾਨੀ ਯਾਦ ਸੀ, ਜਿਸ ਦਾ ਪਾਠ ਅਤੇ ਤਲਾਵਤ ਬੜੇ ਨਿਆਰੇ ਅੰਦਾਜ਼ ਨਾਲ ਇਕੋ ਦਿਨ ਵਿਚ ਕਰ ਲਿਆ ਕਰਦੇ ਸਨ। ਜਦੋਂ ਕੋਈ ਉਨ੍ਹਾਂ ਕੋਲ ਮੁਰੀਦੀ ਧਾਰਨ ਕਰਨ ਲਈ ਜਾਂਦਾ। ਉਹ ਉਸਨੂੰ ਪਹਿਲਾਂ ਮੂੰਹ ਸਿਰ ਮੁਨਾਉਣ ਲਈ ਹਦਾਇਤ ਕਰਦੇ ਤੇ ਫਿਰ ਉਸਦੇ ਹੱਥ ਵਿਚ ਇਕ ਠੂਠਾ ਫੜਾ ਦਿੰਦੇ ਮੰਗਣ ਲਈ। ਜਿਹੜਾ ਇਹ ਸ਼ਰਤਾਂ ਮੰਨ ਲੈਂਦਾ ਉਹ ਪ੍ਰਵਾਨ ਚੜ੍ਹ ਜਾਂਦਾ ਤੇ ਜਿਹੜਾ ਸੋਚੀਂ ਪੈ ਜਾਂਦਾ ਜਾਂ ਝਿਜਕਦਾ, ਉਸਨੂੰ ਉਸੇ ਵੇਲੇ ਖਾਰਜ ਕਰ ਦਿੱਤਾ ਜਾਂਦਾ।"

ਸੋ ਇਹ ਨਜਿਠ ਲੈਣ ਉਪਰੰਤ ਕਿ ਸ਼ਾਹ ਹੁਸੈਨ ਮਲ੍ਹਾਮਤੀ ਸੂਫੀ ਸਨ, ਸਾਡਾ ਮੰਤਵ ਉਨ੍ਹਾਂ ਨੂੰ ਕੇਵਲ ਇਕ ਸੰਕੀਰਨ ਚੌਖਟੇ ਵਿਚ ਫਿੱਟ ਕਰਨਾ ਨਹੀਂ ਸਗੋਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਸਮੁੱਚੇ ਪੱਖਾਂ ਨੂੰ ਸੂਫੀਆਨ ਸੰਦਰਭਾਂ, ਧਾਰਮਿਕਤਾ ਅਦਵੈਦਿਤਾ ਤੌਹੀਦਪ੍ਰਸਤੀ ਭਾਰਤੀ ਸੰਸਕ੍ਰਿਤੀ ਅਤੇ ਗੁਰਮਤਿ ਦੇ ਪ੍ਰਸੰਗ ਵਿਚ ਵੀ ਵੇਖਣਾ ਹੈ ਤਾਂਕਿ ਵਿਸਤਾਰਪੂਰਵਕ ਨਿਮਨ ਲਿਖਤ ਅਨੁਸਾਰ ਵਿਸ਼ਲੇਸ਼ਣ ਹੋ ਸਕੇ।

**ਰੱਬ** - ਸ਼ਾਹ ਹੁਸੈਨ ਰੱਬ ਦੀ ਹੋਂਦ ਅਤੇ ਭਗਤੀ ਨੂੰ ਸਰਵਉੱਚ ਮੰਨਦਾ ਹੈ। ਇਸ ਤਰ੍ਹਾਂ ਉਹ ਭਾਰਤੀ ਅਦਵੈਤਵਾਦੀ ਪਿਛੋਕੜ ਕਾਰਨ ਈਰਾਨੀ ਸੂਫ਼ੀਆਂ ਨਾਲੋਂ ਭਾਰਤੀ ਸੂਫ਼ੀਆਂ ਵਾਂਗ ਰੱਬ ਨੂੰ ਸਰਬ ਵਿਆਪਕ ਸਰਬ ਸ਼ਕਤੀਮਾਨ ਅਤੇ ਘਟ ਘਟ ਦੀ ਜਾਨਣ ਵਾਲਾ ਸਵੀਕਾਰ ਕਰਦਾ ਹੋਇਆ ਕਹਿੰਦਾ ਹੈ-

**ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।**
**ਅੰਦਰ ਤੂੰ ਹੈਂ ਬਾਹਰ ਤੂੰ ਹੈਂ, ਰੋਮ ਰੋਮ ਵਿਚ ਤੂੰ।**
**ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸੱਭ ਤੂੰ।**

**ਸੰਸਾਰ** - ਸ਼ਾਹ ਹੁਸੈਨ ਦੀ ਸੋਚ ਮੁਤਾਬਕ ਸਮਾਜਿਕ ਰਿਸ਼ਤੇਦਾਰੀਆਂ ਅਤੇ ਸਾਂਝਾਂ ਵਕਤੀ ਅਤੇ ਮੌਕਾਪ੍ਰਸਤੀ ਹਨ। ਹਰ ਪਾਸੇ। ਇਸ 'ਜੌਂ ਭੁਨਾਵੇ ਗੌਅ' ਦਾ ਬੋਲਬਾਲਾ ਹੈ। ਇਸ ਕੂੜ ਪਸਾਰੇ ਵਿਚ ਮਨੁੱਖ ਦੀ ਹੋਂਦ ਅਸਗਾਹ ਸਾਗਰ ਵਿਚ ਪਾਣੀ ਦੀ ਇਕ ਬੂੰਦ ਜਾਂ ਸ਼ਬਨਮ ਦੇ ਇਕ ਕਤਰੇ (ਮੋਤੀ) ਸਮਾਨ ਹੈ-

1. **ਕੂੜੀ ਦੁਨੀਆਂ ਕੂੜ ਪਸਾਰਾ, ਜਿਉਂ ਮੋਤੀ ਸ਼ਬਨਮ ਦਾ।**
2. **ਦੁਨੀਆਂ ਤਾਲਿਬ ਮਤਲਬ ਦੀ, ਸੱਚ ਸੁਣ ਵੋ ਫ਼ਕੀਰਾ।**

**ਨਾਸ਼ਮਾਨਤਾ** - ਸ਼ਾਹ ਹੁਸੈਨ ਵੀ ਦੁਨੀਆਂ ਦੇ ਬਾਕੀ ਧਰਮ ਵਲੰਭੀਆਂ ਵਾਂਗ ਸੰਸਾਰ ਨੂੰ ਫਾਨੀ ਅਤੇ ਨਾਸ਼ਵੰਤ ਮੰਨਦਾ ਹੈ। ਮਨੁੱਖ ਦਾ ਬਚਪਨ ਜੁਆਨੀ ਗ੍ਰਹਿਸਤ ਬੁਢਾਪਾ ਜੇ ਇਕ ਵਿਕਾਸ ਹੈ ਤਾਂ ਦੂਜੇ ਪਾਸੇ ਵਿਨਾਸ਼ ਵੀ ਹੈ। ਡਾ. ਅਲਾਮਾ ਇਕਬਾਲ ਵਰਗਾ ਚਿੰਤਕ ਸ਼ਾਇਰ ਵੀ ਇਸ ਦੀ ਤਾਈਦ ਕਰਦਾ ਹੋਇਆ ਕਹਿੰਦਾ ਹੈ -

**ਨਾ ਥਾ ਕੁਛ ਤੋ ਖ਼ੁਦਾ ਥਾ, ਕੁਛ ਨਾ ਹੋਤਾ ਤੋ ਖ਼ੁਦਾ ਹੋਤਾ।**
**ਡੁਬੋਯਾ ਮੁਝ ਕੋ ਹੋਨੇ ਨੇ, ਮੈਂ ਨਾ ਹੋਤਾ ਤੋ ਕਿਆ ਹੋਤਾ।**

**ਸਮਾਜਿਕ ਚੇਤਨਤਾ** - ਸ਼ਾਹ ਹੁਸੈਨ ਦੀ ਚੇਤਨਤਾ ਊਚ-ਨੀਚ, ਗਰੀਬ-ਅਮੀਰ ਭਾਵ ਜਾਤ-ਪਾਤੀ ਅਤੇ ਆਰਥਿਕ ਆਧਾਰਿਤ ਹੈ ਜਿਸ ਦਾ ਹਰ ਥਾਂ ਝਗੜਾ ਅਤੇ ਸ਼ੋਰ ਹੈ। ਉਹ ਖਬਰਦਾਰ ਕਰਦਾ ਹੋਇਆ ਕਹਿੰਦਾ ਹੈ -

**ਮਾਏ ਨੀ ਮੈਂ ਭਈ ਦੀਵਾਨੀ ਦੇਖ ਜਗਤ ਵਿਚ ਸ਼ੋਰ।**
**ਇਕਨਾ ਹਾਥੀ ਇਕਨਾ ਘੋੜੇ, ਇਕ ਸਿਵੇ ਇਕ ਗੋਰ।**
**ਨੰਗੇ ਪੈਰੀਂ ਜਾਂਦੜੇ ਡਿਠੇ, ਜਿੰਨ ਨੇ ਲਾਖ ਕਰੋਰ।**

**ਇਸ਼ਕ** - ਰੱਬ ਸ਼ਾਹ ਹੁਸੈਨ ਦਾ ਇਕ ਅਜਿਹਾ ਖ਼ੂਬਸੂਰਤ ਅਤੇ ਗੁਣਵੰਤਾ ਮਹਿਬੂਬ ਹੈ, ਜਿਸ ਨੂੰ ਉਹ ਇਸ਼ਕ ਦੇ ਮਾਧਿਅਮ ਰਾਹੀਂ ਪਾਉਣਾ ਚਾਹੁੰਦਾ ਹੈ ਪਰੰਤੂ ਇਸ ਨੂੰ ਅਜ਼ਲੀ ਵਸਤੂ ਮੰਨਦਾ ਹੋਇਆ ਇਸ ਦੀ ਪ੍ਰਾਪਤੀ ਦੇ ਰਾਹ ਵਿਚ ਆਉਣ ਵਾਲੀਆਂ ਔਂਕੜਾਂ ਦਾ ਜ਼ਿਕਰ ਵੀ ਕਰਦਾ ਹੈ-

**ਸ਼ਹ ਗੁਣਵੰਤਾ ਬਿਆ ਰੂਪ ਚੰਗੇਰਾ, ਅੰਗ ਲਾਵੇ ਕਿ ਮੂਲ ਨਾ ਕਾਸੀ।**

* *

**ਆਸ਼ਕ ਹੋਵੇਂ ਤਾਂ ਇਸ਼ਕ ਕਮਾਵੇਂ।**
**ਰਾਹ ਇਸ਼ਕ ਦਾ ਸੂਈ ਦਾ ਨੱਕਾ, ਧਾਗਾ ਹੋਏਂ ਤਾਂ ਜਾਵੇਂ।**

* *

**ਤੀਰਾਂ ਤੇ ਤਲਵਾਰਾਂ ਕੋਲੋਂ, ਤਿੱਖੀਆਂ ਬ੍ਰਿਹੋਂ ਦੀਆਂ ਛੁਰੀਆਂ ਵੇ ਲੋਕਾ।**

**ਭਗਤੀ** - ਭਾਰਤੀ ਪਰੰਪਰਾ ਅਤੇ ਪੁਰਖਿਆਂ ਦੇ ਵਿਰਸਈ ਪ੍ਰਭਾਵ ਕਰਕੇ ਭਗਤੀ ਮਾਰਗ ਦੀ ਵੀ ਪੂਰੀ-ਪੂਰੀ ਵਕਾਲਤ ਕਰਦਾ ਹੈ। ਕਾਂਤਾ-ਭਗਤੀ ਦਾਸ ਭਗਤੀ ਅਤੇ ਸਖਾ ਭਗਤੀ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ -

**ਗਮ ਨਾਮ ਦੇ ਸਿਮਰਨ ਬਾਝੋਂ, ਜੀਵਨ ਦਾ ਕੀ ਹੱਜ ਵੇ ਅੜਿਆ।**
**ਕਹੇ ਹੁਸੈਨ ਫਕੀਰ ਸਾਈ ਦਾ, ਸਾਹਿਬ ਦੇ ਲੜ ਲੱਗ ਵੇ ਅੜਿਆ।**

**ਮਸਤੀ** - ਸ਼ਾਹ ਹੁਸੈਨ ਸੰਸਾਰ ਦੇ ਫਾਨੀ ਹੋਣ ਦੀ ਅਸਲੀਅਤ ਤੋਂ ਕਿਨਾਰਾਕਸ਼ੀ ਅਤੇ ਮਨ ਦੀ ਉਦਾਸੀ ਤੇ ਇਸ ਦੇ ਸਖਣੇਪਨ ਨੂੰ ਭਰਨ ਲਈ ਮਲ੍ਹਾਮਤੀਆ ਪਰੰਪਰਾ ਅਨੁਸਾਰ ਸਿਮਰਨ ਕਰਨ ਤੋਂ ਇਲਾਵਾ ਭੰਗ ਅਫ਼ੀਮ ਧਤੂਰਾ ਅਤੇ ਪੋਸਤ ਵਰਗੀਆਂ ਵਕਤੀ ਮਸਤੀ ਦੇਣ ਵਾਲੀਆਂ ਵਸਤਾ ਰੱਬ ਕੋਲੋਂ ਨਿਸ਼ੰਗ ਹੋ ਕੇ ਮੰਗਦਾ ਹੈ -

**ਜੇਤੀ ਜੇਤੀ ਰਾਮ ਜੀ ਤੇਰੇ ਕੋਲੋਂ ਮੰਗਦੀ।**
**ਕੂੰਡੀ ਦਈਂ ਸੋਟਾ ਦਈ, ਕੋਠੀ ਦਈ ਭੰਗ ਦੀ।**
**ਸਾਫ਼ੀ ਦਈਂ ਮਰਚਾਂ ਦਈਂ, ਬੇਗਿਨਤੀ ਦਈਂ ਰੰਗ ਦੀ।**
**ਪੋਸਤ ਦਈਂ ਬਾਟੀ ਦਈਂ, ਚਾਟੀ ਦਈਂ ਖੰਡ ਦੀ।**
**ਗਿਆਨ ਦਈਂ ਧਿਆਨ ਦਈਂ, ਮਹਿਮਾ ਸਾਧੂ ਸੰਗ ਦੀ।**
**ਸ਼ਾਹ ਹੁਸੈਨ ਫ਼ਕੀਰ ਸਾਈਂ ਦਾ, ਇਹ ਦੁਆ ਮਲੰਗ ਦੀ।**

**ਨਫ਼ਸ** - ਮਨੁੱਖੀ ਮਨ ਅਥਵਾ ਨਫ਼ਸ, ਏਨਾ ਚੰਚਲ ਤੇ ਅੱਥਰਾ ਹੈ ਕਿ

ਸਮੁੱਚੀ ਮਨੁੱਖੀ ਸੋਚ ਨੂੰ ਹਰ ਦਮ ਆਪਣੇ ਅਧੀਨ ਰੱਖਦਾ ਹੈ। ਕਾਮ ਕ੍ਰੋਧ ਲੋਭ ਮੋਹ ਹੰਕਾਰ ਇਸ ਦੀਆਂ ਪੰਜ ਉਤੇਜਿਤ ਸੰਚਾਲਕ ਸ਼ਕਤੀਆਂ ਹਨ। ਸ਼ਾਹ ਹੁਸੈਨ ਦਾ ਮੱਤ ਹੈ ਕਿ ਇਨ੍ਹਾਂ ਪੰਜਾਂ ਨੂੰ ਵੱਸ ਲੈਣ ਉਪਰੰਤ ਇਨ੍ਹਾਂ ਦਾ ਖਾਦਮ ਨਫ਼ਸ ਖੁਦ-ਬ-ਖੁਦ ਆਜ਼ਾਦ ਹੋ ਜਾਂਦਾ ਹੈ -

**ਪੰਜੇ ਸਖ਼ੀਆਂ ਇਕੋ ਜਿਹੀਆਂ, ਹੁਕਮ ਸੰਜੋਗ ਇਕੱਠੀਆਂ ਹੋਈਆਂ।**
**ਜੋ ਪੰਜਾਂ ਨੂੰ ਧਾਗਾ ਪਾਏ, ਸਾ ਸਭਰਾਈ ਕੰਤ ਵਿਹਾਏ।**

**ਅਮਲ** - ਅਮਲਾਂ ਤੇ ਅਮਲ ਕਰਨ ਦੀ ਪ੍ਰਵਿਰਤੀ ਤੇ ਸ਼ਾਹ ਹੁਸੈਨ ਵੀ ਬਹੁਤ ਜ਼ੋਰ ਦਿੰਦਾ ਹੈ, ਮਾੜੇ ਕਰਮਾਂ ਅਤੇ ਮਾੜੀ ਨੀਅਤ ਨੂੰ ਕੂੜ-ਕਬਾੜ ਕਹਿ ਕੇ ਚੰਗੇ ਅਮਲਾਂ ਦੀ ਬਹੁਕਰ ਨਾਲ ਬੁਹਾਰਨ ਦੀ ਸਿੱਖਿਆ ਦਿੰਦਾ ਹੈ -

**ਕਿੱਤ ਗੁਣ ਲਗੇਂਗੀ ਸ਼ਹੁ ਨੂੰ ਪਿਆਰੀ।**
**ਅੰਦਰ ਤੇਰੇ ਕੂੜ ਵਤਿ ਗਇਓ ਈ, ਮੂਲਿ ਨਾ ਦਿਤੀਓ ਬੁਹਾਰੀ।**

* *

**ਅਮਲਾਂ ਉਪਰ ਹੋਗ ਨਬੇੜਾ, ਕਿਆ ਸੂਫ਼ੀ ਕਿਆ ਭੰਗੀ।**

ਉਪਰੋਕਤ ਸਰਵੇਖਣ ਮੁਤਾਬਕ ਕਿਹਾ ਜਾ ਸਕਦਾ ਹੈ ਕਿ ਮਾਧੋ ਲਾਲ ਹੁਸੈਨ ਪੰਜਾਬੀ ਸੂਫ਼ੀ-ਕਾਵਿ ਦੇ ਦੂਜੇ ਦੌਰ ਦਾ ਇਕ ਅਜਿਹਾ ਲਚਕੀਲਾ ਨਖ਼ਰੀਲਾ ਰੰਜੀਦਾ ਸੰਜੀਵਾ ਵਿਅੰਗਾਤਮਕ ਤੇ ਵਿਲੱਖਣ ਮਲ੍ਹਾਮਤੀਆ ਸੂਫ਼ੀ ਕਵੀ ਹੈ ਜਿਹੜਾ ਵਾਰ-ਵਾਰ ਆਪਣੇ ਆਪ ਨੂੰ ਕਦੇ ਫ਼ਕੀਰ ਨਿਮਾਣਾ, ਕਦੇ ਨਿਤਾਣਾ ਅਤੇ ਕਦੇ ਜਾਤ-ਜੁਲਾਹਾ ਕਹਿ ਕੇ ਆਪਣੀ ਨਿਰਮਾਣਤਾ ਦੇ ਅਹਿਸਾਸ ਦਾ ਬਾਰ-ਬਾਰ ਇਜ਼ਹਾਰ ਕਰਦਾ ਹੈ। ਇਸ ਤਰ੍ਹਾਂ 'ਜੀਵ' ਨੂੰ ਓੜਕ ਕੰਮ ਅਲਾਹ ਨਾਲ' ਦੀ ਨਿਰੰਤਰ ਨਸੀਹਤ ਕਰਦਾ ਹੈ ਤੇ ਰੱਬ ਨਾਲ ਗਿਲੇ-ਗੁਜ਼ਾਰਸ਼ਾਂ ਕਰਨ ਤੋਂ ਵੀ ਗੁਰੇਜ਼ ਕਰਨ ਲਈ ਕਹਿੰਦਾ ਹੈ -

**ਚੁਪ ਵੇ ਅੜਿਆ ਚੁਪ ਵੇ ਅੜਿਆ।**
**ਬੋਲਣ ਦੀ ਨਹੀਂ ਜਾਹ ਵੇ ਅੜਿਆ।**

ਸੰਸਾਰ ਨਾਸ਼ਮਾਨਤਾ, ਸਮਾਜਿਕ ਚੇਤੰਨਤਾ, ਮੁਰਸ਼ਦ, ਸ਼ੈਤਾਨ, ਚੰਗੇ ਅਮਲ, ਭਗਤੀ, ਮਸਤੀ ਆਦਿ ਜਟਿਲ-ਵਿਸ਼ਿਆਂ ਨੂੰ ਇਤਨੀ ਸਰਲ ਸਪੱਸ਼ਟ ਭਾਸ਼ਾ ਅਤੇ ਖ਼ੂਬਸੂਰਤ ਸ਼ੈਲੀ-ਸ਼ਬਦਾਵਲੀ ਵਿਚ ਪੇਸ਼ ਕੀਤਾ ਹੈ ਕਿ ਕਿਸੇ ਵੀ ਬੌਧਿਕ ਪੱਧਰ ਦਾ ਪਾਠਕ ਜਾਂ ਸਰੋਤਾ ਬੜੀ ਆਸਾਨੀ ਨਾਲ ਸਮਝ ਅਤੇ ਹਿਫ਼ਜ਼ ਕਰ ਸਕਦਾ ਹੈ।

## ਤਰੀਕਤ-ਹਕੀਕਤ

ਤਾਲਿਬ ਇਲਮੀਂ 'ਚ ਕਮਾਏ, ਅੰਬਰੀ ਸਹਿਚਾਰ ਹੁੰਦੇ ਨੇ।
ਇਹ ਬੇਗਰਜ਼ ਦੁਵੱਲੀ ਸੁਵੱਲੀ ਨਜ਼ਰੇ ਦਰਕਾਰ ਹੁੰਦੇ ਨੇ।
ਅਸੀਂ ਪਾਰਦਰਸ਼ੀ ਹੋ, ਇਨ੍ਹਾਂ ਨੂੰ ਜਾਚਦੇ ਨਹੀਂ,
ਇਹ ਔੜ ਸੌੜ ਵਿਚ ਵੀ, ਗੁਆਚਦੇ ਨਹੀਂ।
ਮਾਸੂਮੀਅਤ ਕਰਕੇ, ਏਨੇ ਬਲਵਾਨ ਹੁੰਦੇ ਨੇ,
ਇਹ ਕਬਜ਼ੇ ਨਹੀਂ, ਦਿਲਾਂ ਦੀ ਪਹਿਚਾਨ ਹੁੰਦੇ ਨੇ।
ਸਾਡੀ ਜਿੰਦ ਹੁੰਦੇ ਨੇ, ਇਹ ਸਾਡੀ ਜਾਨ ਹੁੰਦੇ ਨੇ,
ਇਹ ਉੱਤਮ-ਜਾਤ ਬ੍ਰਿਹਾਂ ਦੇ ਸੁਲਤਾਨ ਹੁੰਦੇ ਨੇ।
ਤਕਦੀਰ ਤੇ ਤਦਬੀਰ ਦਾ, ਤੱਤਸਾਰ ਹੁੰਦੇ ਨੇ,
'ਇਹ ਪੀਰ ਮੁਰੀਦਾਂ ਪਿਰਹੜੀ' ਦਾ ਪਾਸਾਰ ਹੁੰਦੇ ਨੇ।
ਅੰਗ ਸੰਗ ਰਹਿ ਕੇ ਵੀ, ਨਾ ਜ਼ਾਹਰ ਹੁੰਦੇ ਨੇ,
ਪਰ ਅੱਖੋਂ ਪਰੋਖੇ ਹੋਏ, ਨਾ ਸਹਾਰ ਹੁੰਦੇ ਨੇ।
ਜਦੋਂ ਸਮਾਜੀ ਜੰਗਾਲੀ ਖੁੰਡੀ ਛੁਰੀ ਨਾਲ ਹਲਾਲ ਹੁੰਦੇ ਨੇ,
ਇਹ ਬਾਕਮਾਲ ਹੁੰਦੇ ਨੇ, ਲਾਮਿਸਾਲ ਹੁੰਦੇ ਨੇ।
ਮਕਤਲ-ਮੰਚ ਤੇ ਚੜ੍ਹ ਕੇ ਵੀ, ਕੁਝ ਮਨਜ਼ੂਰ ਹੁੰਦੇ ਨੇ,
ਜੋ ਸੂਲੀ ਚੜ੍ਹ ਜਾਂਦੇ ਨੇ, ਉਹ ਮਨਸੂਰ ਹੁੰਦੇ ਨੇ।
ਨਾ ਖੁਦਮੁਖਤਿਆਰ ਹੁੰਦੇ ਨੇ, ਨਾ ਬਾਇਖਤਿਆਰ ਹੁੰਦੇ ਨੇ,
ਇਹ ਰੱਬੀ ਰਹਿਮਤਾਂ ਦੇ, ਰਮਤੇ ਮਜ਼ਾਰ ਹੁੰਦੇ ਨੇ।
ਗ਼ਮਾਂ ਨੂੰ ਕਫ਼ਸ ਕਰਨ ਦੇ ਵਸਫ਼, ਹਜ਼ਾਰ ਹੁੰਦੇ ਨੇ।
ਇਹ ਤਰੀਕਤ ਦੇ ਨਹੀਂ, ਹਕੀਕਤ ਦੇ ਤਲਬਗਾਰ ਹੁੰਦੇ ਨੇ।

**ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
98153-03206

## ਬੇਨਤੀ


1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਇਨਸਾਨੀ ਪੀੜਾ

**ਅਮਰੀਕ ਸਿੰਘ**
**ਸ਼ਿਕਾਗੋ (ਯੂ.ਐਸ.ਏ)**



ਇਨਸਾਨ ਸਭ ਜੂਨਾਂ ਦਾ ਸਿਰਤਾਜ ਹੈ। ਕੀ ਉਹ ਪੂਰਾ ਖੁਸ਼ ਹੈ? ਕੁਝ ਖੁਸ਼ੀਆਂ ਤੇ ਕੁਝ ਦੁਖ ਭੋਗ ਰਹੇ ਹਾਂ ਅਸੀਂ ਸਾਰੇ। ਬਹੁਤ ਵਿਰਲੇ ਹੀ ਪੂਰੇ ਖੁਸ਼ ਹੋਣਗੇ ਜਿਨ੍ਹਾਂ ਨੂੰ ਅਸੀਂ ਮਹਾਂਪੁਰਸ਼ ਕਹਿੰਦੇ ਹਾਂ। ਇਨਸਾਨੀ ਪੀੜਾਂ ਦਾ ਕੋਈ ਅੰਤ ਨਹੀਂ। ਵੱਧ ਤੋਂ ਵੱਧ ਦੁਖ ਹਨ ਜਿੰਨਾਂ ਨੂੰ ਦੇਖ ਕੇ ਰੂਹ ਕੰਬ ਉਠਦੀ ਹੈ। ਸਾਡੇ ਸਾਹਮਣੇ ਅਕਲ ਚਕਰਾਉਣ ਵਾਲੀਆਂ ਕੋਝੀਆਂ ਘਟਨਾਵਾਂ ਤੇ ਮੁਸੀਬਤਾਂ ਬੇਅੰਤ ਰੋਜ਼ ਹੋ ਰਹੀਆਂ ਹਨ। ਲਗਦਾ ਹੈ ਇਕੋ ਵੱਡਾ ਰੋਗ ਹੈ ਸਾਡੀ ਸੋਚ ਦਾ ਛੋਟਾ ਦਾਇਰਾ (ਜੋ ਅਸੀਂ ਆਪ ਹੀ ਛੋਟਾ ਕਰਦੇ ਜਾਂ ਰਹੇ ਹਾਂ), ਮਾਇਆ ਤੇ ਵਸੀਲਿਆਂ ਦੀ ਘਾਟ, ਕੰਮ ਦੀ ਅਣਹੋਂਦ, ਗਰੀਬੀ ਦੀ ਲਾਹਨਤ, ਖੁਰਾਕ ਦੀ ਘਾਟ, ਸਮਝ ਅਤੇ ਵਿਸ਼ਵਾਸ ਦੀ ਥੁੜ, ਚੰਗੇ ਸਾਥ ਦੀ ਭੁੱਖ, ਤੇ ਤਰਸ ਦਾ ਕਾਲ....। ਮਜ਼੍ਹਬ ਦਾ ਭਾਵ ਇਕ ਦੂਜਿਆਂ ਵਾਸਤੇ ਸ਼ੁਭ-ਇੱਛਾਵਾਂ ਤੇ ਅਮਨ ਸ਼ਾਂਤੀ ਪੈਦਾ ਕਰਨਾ ਸੀ ਪਰ ਸਿਆਸਤਦਾਨਾਂ ਨੇ ਆਪਸ ਵਿਚ ਖਿਚੋਤਾਣ ਅਤੇ ਵੰਡੀਆਂ ਪਾਣ ਦੇ ਲਈ ਇਸਨੂੰ ਖੂਬ ਵਰਤਿਆ ਹੈ। ਇਹ ਲੜਾਈ ਦਾ ਅਮੁੱਕ ਸੋਮਾ ਬਣ ਗਿਆ ਹੈ। ਇੰਨੇ ਮੰਦਰ, ਗੁਰਦਵਾਰੇ, ਮਸੀਤਾਂ ਤੇ ਚਰਚ ਹਨ ਜਿਥੇ ਕਿ ਪਵਿਤਰ ਗ੍ਰੰਥ, ਪੋਥੀਆਂ ਹਨ ਜੋ ਸ਼ਾਂਤੀ ਦਾ ਚਾਨਣ ਮੁਨਾਰੇ ਹਨ। ਪਰ ਹੋਇਆ ਕੀ ਕੇ ਇਹਨਾਂ ਨੂੰ ਸਮਝ ਕੇ ਪੜਣਾ ਤੇ ਫਿਰ ਅਮਲ ਕਰਨ ਦੀ ਬਜਾਏ ਅਸੀਂ ਹੋਰ ਹੀ ਮਤਲਬ ਕੱਢ ਕੇ ਲੜਾਈ ਦੀ ਜੜ੍ਹ ਬਣਾ ਲਏ ਹੈ। ਦੁਨੀਆਂ ਜੋ ਵੀ ਹੈ ਚੰਗੀ ਹੈ ਪਰ ਸਾਡਾ ਕਸੂਤਾ ਪਨ ਹੀ ਇਸ ਨੂੰ ਨਰਕ ਬਣਾ ਦਿੰਦਾ ਹੈ। ਹਨੇਰਾ ਹੀ ਹਰ ਪਾਸੇ ਨਜ਼ਰ ਆਉਂਦਾ ਹੈ ਸਾਹ ਵੀ ਲੈਣਾ ਔਖਾ ਹੋ ਜਾਂਦਾ ਹੈ। ਕੰਗਾਲ ਘਰ, ਗੰਦਗੀ ਹਰ ਜਗਾ, ਰੁੜੀਆਂ ਦੇ ਢੇਰ, ਟੇਢੀਆਂ ਤੰਗ ਗਲੀਆਂ, ਟੋਏ, ਨਫ਼ਰਤ ਦਾ ਗੁਬਾਰ, ਕੁਕਰਮ ਲੱਗਦਾ ਹੈ। ਜ਼ਿਆਦਾਤਰ ਗਰੀਬੀ ਕਰਕੇ ਅਤੇ ਗਿਆਨ ਦੀ ਕਮੀ ਕਰਕੇ ਹੋ ਰਿਹਾ ਹੈ। ਬਹੁਤ ਥੋੜ੍ਹਿਆਂ ਦੀਆਂ ਹੀ ਅਖਾਂ ਸਾਫ ਅਤੇ ਲਿਸ਼ਕਦੀਆਂ ਦਿਸਦੀਆਂ ਹਨ। ਅਸੀਂ ਸਾਰੇ ਹੀ ਰੋਜ਼ਾਨਾ ਜੀਵਨ ਵਿਚ ਇਨਸਾਨੀ ਪੀੜਾ ਦੇਖਦੇ ਹਾਂ ਕੁਝ ਕੂ ਦਾ ਮੈਂ ਵੀ ਬਿਆਨ ਕਰਦਾ ਹਾਂ।

ਮੈਂ ਜਦੋਂ ਯੂ.ਐਸ.ਏ ਵਿਚ ਹੁੰਦਾ ਹਾਂ ਤਾਂ ਵਿਜਯ ਨਾਲ ਸਵੇਰੇ ਸੈਰ ਕਰਨ ਜਾਂਦਾ ਹਾਂ। ਉਹ ਇਥੇ ਸਾਡੀ ਗਲੀ ਦੇ ਇਕ ਘਰ ਵਿਚ ਰਹਿੰਦਾ ਹੈ। ਉਹ 60 ਸਾਲ ਦਾ 6'1'", ਭਾਰਾ ਅਤੇ ਤਕੜਾ ਹੈ। ਉਹਦਾ ਕੁੱਤਾ ਵੀ ਨਾਲ ਹੁੰਦਾ ਹੈ। ਅਸੀਂ ਅਪਨੇ ਬਾਰੇ ਖੂਬ ਗਲਾਂ ਕਰਦੇ ਅਤੇ ਸਲਾਹ ਮਸ਼ਵਰਾ ਵੀ ਕਰਦੇ ਹਾਂ। ਵਿਜਯ ਭਾਰਤ ਵਰਸ਼ ਰਹਿੰਦਾ ਸੀ। ਉਹ ਅਪਨੇ ਸਾਰੇ ਭਰਾ-ਭੈਣਾਂ ਤੋਂ ਸਭ ਤੋਂ ਛੋਟਾ 10ਵਾਂ ਬਚਾ ਹੈ। ਉਹ ਬ੍ਰਾਹਮਣ ਕੁਲ ਦੇ ਅਮੀਰ ਘਰਾਣੇ ਦਾ ਹੈ। ਉਹ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਜਦੋਂ ਪੜਦਾ ਸੀ ਤਾਂ ਫੁਟਬਾਲ, ਕ੍ਰਿਕਟ ਅਤੇ ਬਾਸਕਟ ਬਾਲ ਦਾ ਚੈਂਪੀਅਨ ਰਿਹਾ ਸੀ। ਉਸਨੇ Electrical Engineer ਦੀ ਡਿਗਰੀ ਕਰ ਲਈ ਅਤੇ ਕੁਝ ਸਾਲ ਨੌਕਰੀ ਵੀ ਕੀਤੀ। ਘਰਦਿਆਂ ਨੇ ਉਸਦੀ ਸ਼ਾਦੀ ਕਰ ਦਿੱਤੀ। ਉਹਦੇ ਦੋ ਬੱਚੇ ਹੋਏ। ਪਹਿਲਾ ਬਚਾ 1981 ਵਿਚ ਹੋਇਆ। ਬਚਿਆਂ ਨੂੰ ਬੀਮਾਰੀਆਂ ਤੋਂ ਬਚਾਣ ਲਈ ਬਚਪਨ ਵਿਚ ਕੁਝ ਟੀਕੇ ਲਗਾਏ ਜਾਂਦੇ ਹਨ। ਇਕ ਟੀਕੇ ਦਾ ਐਸਾ ਬੁਰਾ ਅਸਰ ਹੋਇਆ ਕਿ 16 ਦਿਨ ਜਨਮ ਦੇ ਬਾਅਦ ਬੱਚੇ ਨੇ ਪਾਸਾ ਲੈਣਾ, ਰੋਣਾ, ਮੁਸਕਰਾਉਣਾ ਆਦਿਕ ਬੰਦ ਕਰ ਦਿੱਤਾ। ਉਮਰ ਵਧਣ ਨਾਲ ਵੀ ਮਾਂ-ਬਾਪ ਨੂੰ ਨਾਂ ਪਛਾਣਦਾ, ਨਾਂ ਬੋਲਦਾ, ਨਾਂ ਹੱਸਦਾ ਉਸ ਦਾ ਦਿਮਾਗ ਮਾਨੋ ਜਿਸ ਤਰ੍ਹਾਂ ਹੈ ਨਹੀਂ। ਡਾਕਟਰਾਂ ਨੂੰ ਦਿਖਾਇਆ ਅਤੇ ਉਨ੍ਹਾਂ ਨੇ ਕਿਹਾ ਇਸਦਾ ਸਾਡੇ ਕੋਲ ਕੋਈ ਇਲਾਜ ਨਹੀ ਹੈ। ਬੜੀ ਮੁਸੀਬਤ ਆ ਪਈ ਪਰ ਕੀ ਕਰਦੇ, ਬੇਬਸ ਸਨ। ਚੁਪਚਾਪ ਰੋਂਦੇ। ਕੁਝ ਦਿਨਾਂ ਬਾਅਦ ਹੌਸਲਾ ਕੀਤਾ। ਤਿੰਨ ਸਾਲ ਬਾਅਦ ਦੂਸਰਾ ਲੜਕਾ ਹੋਇਆ ਜੋ ਕਿ ਬੜਾ ਲਾਇਕ ਨਿਕਲਿਆ। ਐਸ ਉਮੀਦ ਨਾਲ ਕਿ ਉਹਨਾਂ ਦੇ ਵੱਡੇ ਲੜਕੇ ਦਾ ਇਲਾਜ ਅਮਰੀਕਾ ਵਿਚ ਜ਼ਰੂਰ ਹੋਵੇਗਾ, ਉਹ ਅਪਨੀ ਬੀਵੀ ਅਤੇ ਬੱਚਿਆਂ ਸਮੇਤ 1991 ਵਿਚ 180 ਡਾਲਰ ਲੈ ਕੇ ਅਮਰੀਕਾ ਆਪ ਨੇ ਜੀਜੇ ਕੋਲ ਆ ਗਏ। ਜੀਜੇ ਨੇ ਜਲਦੀ ਮੂੰਹ ਮੋੜ ਲਿਆ। ਉਹ ਜੀਜੇ ਦੇ ਭਰਾ ਕੋਲ ਗਏ ਜਿਸ ਨੇ ਉਹਨਾਂ ਨੂੰ ਆਪ ਨੇ ਕੋਲ ਰਖਿਆ। ਵਿਜਯ ਨੂੰ ਵੀ ਅਪਨੇ ਰੀਅਲ ਪ੍ਰਾਪਰਟੀ ਦੇ ਕੰਮ ਵਿਚ ਨਾਲ ਲੱਗਾ ਲਿਆ। ਵਿਜਯ ਦੀ ਪਤਨੀ ਪੜ੍ਹੀ ਲਿਖੀ ਹੈ ਉਸਨੂੰ ਚੰਗੀ ਨੌਕਰੀ ਮਿਲ ਗਈ। ਵਿਜਯ ਉਸਦੀ ਕਾਰ ਚਲਾਉਂਦਾ ਅਤੇ ਬੜੀ ਜਲਦੀ ਕੰਮ ਨੂੰ ਵੀ ਸਮਝ ਗਿਆ। ਦੋਵਾਂ ਨੇ ਮਿਹਨਤ ਕੀਤੀ ਅਤੇ ਕਾਫੀ ਪੈਸਾ ਕਮਾਇਆ। ਵਿਜਯ ਨੇ ਅਪਨਾ ਘਰ ਕਿਸ਼ਤਾਂ ਤੇ ਲੈ ਲਿਆ। ਉਸਦੇ ਜੀਜੇ ਦੇ ਭਰਾ ਨੇ ਕੰਮ ਤੋਂ ਛੁਟੀ ਲੈ ਲਈ ਕਿਉਂਕਿ ਉਹ ਬੁੱਢਾ ਹੋ ਗਿਆ ਸੀ ਤੇ ਕੰਮ ਵਿਜਯ ਨੂੰ ਸੌਂਪ ਦਿੱਤਾ। ਵਿਜਯ ਚੇਤਨ, ਹੁਸ਼ਿਆਰ, ਤਿੱਖੀ ਬੁੱਧੀ ਵਾਲਾ, ਚੰਗੀ ਯਾਦਾਸ਼ਤ, ਬਹੁਤ ਮਜ਼ਬੂਤ, ਖੁਲ-ਦਿਲ ਇਨਸਾਨ ਅਤੇ ਸਮਝਦਾਰ ਵੀ ਹੈ। ਕਾਫੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਦਾ। ਚੰਗੀ ਕਮਾਈ ਹੋਈ ਘਰ ਦਾ ਕਰਜ਼ਾ ਲਾਹ ਦਿੱਤਾ। ਵੱਡੇ ਲੜਕੇ ਨੂੰ ਇਕ ਸੰਸਥਾ ਵਿਚ ਦਾਖਲ ਕਰਾ ਦਿੱਤਾ। ਹੋਰ ਕਮਾਈ ਕਰਕੇ ਵੱਡੇ ਲੜਕੇ ਦੀ ਉਮਰ ਭਰ ਦਾ ਖਰਚਾ ਉਹਨਾਂ ਨੇ ਸੰਸਥਾ ਨੂੰ ਭਰ ਦਿੱਤਾ ਤਾਂਕਿ ਵੱਡੇ ਲੜਕੇ ਦੀ ਦੇਖ ਭਾਲ ਬਾਰੇ ਅਤੇ ਉਸਦੀ ਸੰਸਥਾ ਦੀ ਫ਼ੀਸ ਤੋਂ ਮੁਕਤ ਹੋ ਜਾਣ। ਹੋਰ ਉਹ ਕਰ ਵੀ ਕੀ ਸਕਦੇ ਸਨ। ਹਰ ਹਫ਼ਤੇ ਉਸਨੂੰ ਦੇਖਣ ਜਾਂਦੇ ਪਰ ਲੜਕੇ ਨੂੰ ਕੋਈ ਪਹਿਚਾਨ ਹੀ ਨਹੀਂ, ਕੁਝ ਵੀ ਪਤਾ ਨਹੀ ਹੈ। ਅੱਜਕਲ? ਉਹ ਮਹੀਨੇ ਬਾਅਦ ਦੇਖਣ ਜਾਂਦੇ ਹਨ। ਪਹੁੰਚਣ ਵਿਚ ਇਕ ਘੰਟਾ ਲਗ ਜਾਂਦਾ ਹੈ। ਉਹਨਾਂ ਦਾ ਦੂਸਰਾ ਲੜਕਾ ਬੜਾ ਲਾਇਕ ਨਿਕਲਿਆ ਹੈ। ਡਾਕਟਰੀ ਦੀ ਮੁਢਲੀ ਪੜਾਈ ਪੂਰੀ ਕਰਕੇ, ਫਿਰ M.D.

ਦਿਮਾਗ ਦੀ ਅਤੇ ਹੁਣ ਫੇਲੋਸ਼ਿਪ ਕਰ ਰਿਹਾ ਹੈ ਦਿਮਾਗ ਬਾਰੇ। ਉਹ ਵਿਜਯ ਨੂੰ ਕਹਿੰਦਾ ਹੈ ਕੇ ਕੰਮ ਛਡ ਦਿਓ। ਵਿਜਯ ਕਹਿੰਦਾ ਹੈ ਕਿ ਵਿਹਲਾ ਰਹਿ ਕੇ ਮੈਂ ਕੀ ਕਰਾਂਗਾ। ਲੋਕ ਚੰਗੇ ਹਨ ਉਸਨੂੰ ਘਰੋਂ ਲੈ ਜਾਂਦੇ ਹਨ ਤੇ ਛੱਡ ਵੀ ਜਾਂਦੇ ਹਨ ਕਿਉਂਕਿ ਉਹ ਆਪ ਕਾਰ ਨਹੀਂ ਚਲਾ ਸਕਦਾ। ਭਾਵੇ ਕਾਰਾਂ ਦੋ ਰੱਖੀਆਂ ਹਨ। ਇਕ ਕਾਰ ਉਸਦੀ ਪਤਨੀ ਵਾਸਤੇ ਹੈ ਅਤੇ ਦੂਸਰੀ ਉਸਦੇ ਵਾਸਤੇ ਹੈ। ਕਿਉਂਕਿ 55 ਸਾਲ ਦੀ ਉਮਰ ਵਿਚ ਉਸ ਦੀਆਂ ਦੋਵੇਂ ਅੱਖਾਂ ਦੇ ਰੈਟਨੇ ਖ਼ਰਾਬ ਹੋ ਗਏ ਜਿਸ ਨਾਲ ਉਸਨੂੰ 10-15 ਗਜ਼ ਤੋਂ ਦੂਰ ਦਿਖਾਈ ਨਹੀਂ ਦਿੰਦਾ ਸੀ। ਕੁੱਤਾ ਉਸਨੇ ਮਜ਼ਬੂਰੀ ਵਿਚ ਰਖਿਆ ਸੀ ਕਿਉਂਕਿ ਉਹ ਉਸਨੂੰ ਦੂਰ ਤੱਕ ਦਾ ਰਸਤਾ ਦਿਖਾਂਦਾ ਹੈ ਤੇ ਘਰ ਲਿਆਉਣ ਦੀ ਤਸੱਲੀ ਹੈ ਉਸਦੀ ਪਤਨੀ ਨੂੰ। ਕਈ ਡਾਕਟਰਾਂ ਨੂੰ ਉਸਨੇ ਦਿਖਾਇਆ ਪਰ ਹਰ ਇਕ ਨੇ ਕਿਹਾ ਕਿ ਇਸ ਬੀਮਾਰੀ ਦਾ ਦੁਨੀਆਂ ਵਿਚ ਅਜੇ ਤਕ ਕੋਈ ਇਲਾਜ ਨਹੀ ਹੈ। ਹੁਣ ਕੁਝ ਟੀਕੇ ਅੱਖਾਂ ਵਿਚ ਡਾਕਟਰਾਂ ਨੇ ਲਾਏ ਹਨ ਤੇ ਇਕ ਅਖ ਵਿਚੋਂ ਕੁਝ ਦੂਰ ਤਕ ਧੁੰਦਲਾ ਜਿਹਾ ਨਜ਼ਰ ਆਉਂਦਾ ਹੈ। ਪਹਿਲਾਂ ਤੋਂ ਥੋੜ੍ਹਾ ਚੰਗਾ ਦਿਖਾਈ ਦਿੰਦਾ ਹੈ।

ਯੂ.ਐਸ. ਵਿਚ ਮੈਂ ਸਿਹਤ ਸੈਂਟਰ ਅਕਸਰ ਜਾਂਦਾ ਹਾਂ ਅਤੇ ਜੇ ਮੌਸਮ ਚੰਗਾ ਹੋਵੇ ਤਾਂ ਬਾਹਰ ਦੂਰ ਤਕ ਸੈਰ ਕਰਦਾ ਹਾਂ। ਇਹ ਮੁਲਖ ਬਹੁਤ ਖੁਲ੍ਹਾ ਹੈ। ਚੌੜੀਆਂ ਸੜਕਾਂ, ਵੱਡੇ-ਵੱਡੇ ਦਫਤਰ, ਪਾਰਕ ਬਹੁਤ ਵੱਡੇ, ਹਰ ਪਾਸੇ ਹਰਾ ਘਾਹ, ਮਿਟੀ ਨਜ਼ਰ ਨਹੀ ਆਉਂਦੀ, ਸੜਕਾਂ ਦੇ ਦੋਵੇਂ ਕੰਡਿਆਂ ਦੇ ਨਾਲ-ਨਾਲ ਕੰਟਰੀਟ ਦਾ ਪੱਕਾ ਪੈਦਲ ਚਲਣ ਦਾ ਅਤੇ ਸਾਈਕਲ ਚਲਾਉਣ ਦਾ ਰਸਤਾ, ਦੂਰ ਵਿੱਥ ਤੇ ਘਰ, ਦਫਤਰ, ਹਰ ਫਰਲਾਂਗ ਦੀ ਦੂਰੀ ਤੇ ਸਾਫ ਪਾਣੀ ਨਾਲ ਭਰੇ ਛੱਪੜ, ਦਰਖ਼ਤਾਂ ਦਾ ਅੰਤ ਨਹੀ ਹੈ। ਇਹ ਸਭ ਕੁਝ ਇਕ ਸ਼ਾਨਦਾਰ ਨਜ਼ਾਰਾ ਹਰ ਤਰਫ਼ ਬਣਾ ਦਿੰਦਾ ਹੈ। ਸੈਰ ਕਰਦਾ ਕਰਦਾ ਦੂਰ ਨਿਕਲ ਜਾਂਦਾ ਹਾਂ ਇਕ Life Changer International Church ਤੱਕ, ਰਸਤੇ ਵਿਚ ਕੋਈ ਆਦਮੀ ਨਹੀਂ ਦਿਸਦਾ ਮਾਨੋ curfew ਲਗਾ ਹੋਵੇ। ਚਰਚ ਦਾ 24 ਏਕੜ ਰਕਬਾ, ਵਿਚਕਾਰ ਚਰਚ ਦੀ ਬਿਲਡਿੰਗ ਅਤਿ ਸੁੰਦਰ, ਆਲੇ ਦੁਆਲੇ ਸ਼ਾਨਦਾਰ ਕਈ ਸਾਫ ਤਲਾਬ ਜਿੰਨਾਂ ਵਿਚ ਕਈ ਫੁਹਾਰੇ ਹਨ, ਹਰਾ ਲਸ਼ਲਸ਼ ਕਰਦਾ ਘਾਹ, ਅਣਗਿਣਤ ਦਰਖ਼ਤ ਤੇ ਸੁੰਦਰ ਝਾੜੀਆਂ, ਪਾਰ-ਕਿੰਗ ਏਰੀਆ ਬਹੁਤ ਖੁਲਾ ਹੈ। ਇਸ ਤਰਾਂ ਲਗਦਾ ਹੈ ਕਿ ਐਸੀ ਇਕਾਂਤ ਸਵਰਗ ਹੋਵੇ। ਇਕ ਦਿਨ ਮੈਂ ਅੰਦਰ ਚਰਚ ਵਿਚ ਵੜਗਿਆ। ਸੋਫਿਆਂ ਥੱਲੇ ਸੁੰਦਰ ਕਾਲੀਨ, 10 ਕੁ ਗਜ਼ਾਂ ਦੀ ਦੂਰੀ ਤੇ ਦਰਜਨਾਂ ਇਹੋ ਜੇਹੇ ਸੋਫੇ ਰੱਖੇ ਹੋਏ, ਵਿਚਕਾਰ ਬਹੁਤ ਵੱਡਾ ਹਾਲ ਸੁੰਦਰ ਕੁਰਸੀਆਂ ਨਾਲ ਭਰਿਆਂ ਘਟੋ ਘਟ ਹਜ਼ਾਰ ਆਦਮੀ ਬੈਠ ਸਕਦੇ ਹਨ। ਸਟੇਜ਼ ਬਹੁਤ ਵੱਡੀ ਹੈ। ਉਸ ਦਿਨ ਐਤਵਾਰ ਨਹੀਂ ਸੀ ਇਸ ਕਰਕੇ ਕੋਈ ਪ੍ਰੋਗਰਾਮ ਨਹੀਂ ਸੀ। ਸੇਵਾ ਕਰਨ ਲਈ ਕੁਝ ਆਦਮੀ ਤੇ ਇਸਤਰੀਆਂ ਸਨ। ਉਸ ਦਿਨ ਕਾਫੀ ਗਰਮੀ ਸੀ ਤੇ ਮੈਂ ਸੋਫੇ ਤੇ ਬੈਠ ਗਿਆ। ਇਕ ਔਰਤ ਆਈ ਜਿਸ ਨੇ ਪੁੱਛਿਆ ਦੱਸੋ ਮੈਂ ਤੁਹਾਡੇ ਲਈ ਕੀ ਕਰ ਸਕਦੀ ਹਾਂ। ਨਾਲ ਦੇ ਸੋਫੇ ਤੇ ਬੈਠ ਗਈ। ਖੁਸ਼ ਮਿਜ਼ਾਜ ਲਗੀ। ਮੈਂ ਪੁੱਛਿਆ ਤੁਸੀਂ ਇਥੇ ਕਿਸ ਤਰ੍ਹਾਂ ਆਏ ਸੀ। ਕਹਿੰਦੀ ਲੰਬੀ ਕਹਾਣੀ ਹੈ ਮੈਂ ਮੈਕਸਿਕੋ ਦੇਸ਼ ਦੀ ਵਾਸੀ ਸੀ। ਦੋ ਵੱਡੇ ਭਰਾ, ਮੇਰੇ ਤੋਂ ਦੋ ਛੋਟੀਆਂ ਭੈਣਾਂ, ਮਾਂ ਅਤੇ ਪਿਉ। ਜਦੋਂ ਮੈਂ 6 ਸਾਲ ਦੀ ਸੀ ਮੇਰੇ ਪਿਉ ਨੇ ਮੇਰੇ ਨਾਲ ਬੁਰਾ ਕੁਕਰਮ ਕੀਤਾ ਅਤੇ ਆਖਿਆ ਜੇ ਮਾਂ ਨੂੰ ਦੱਸਿਆ ਤਾਂ ਤੇਰੀ ਮਾਂ ਨੂੰ ਮਾਰ ਦਿਆਂਗਾ। ਮੈਂ ਬਹੁਤ ਡਰ ਗਈ ਇਹ ਕੀ ਹੋ ਗਿਆ ਹੈ, ਮੈਂ ਪਾਗਲਾਂ ਦੀ ਤਰਾਂ ਰਹਿੰਦੀ ਕੁਝ ਸਮਝ ਨਾਂ ਲਗੇ ਝਲੀ ਅਤਿ ਸਹਿਮੀ ਹਾਲਤ ਵਿਚ ਸਾਂ। ਅਸੀਂ ਬੜੇ ਗਰੀਬ ਸੀ। ਖਾਨ ਪੀਣ ਲਈ ਪੈਸਾ ਨਹੀਂ ਸੀ। ਬਾਪ ਸਾਡਾ ਬਹੁਤ ਜ਼ਾਲਮ ਸੀ। ਮਾਂ ਸਮੇਤ ਸਾਰੇ ਭੈਣ ਭਰਾ ਡਰੇ ਸਹਿਮੇ ਰਹਿੰਦੇ। ਮੈਂ ਉਹਦੀਆਂ ਦੁਖ ਭਰੀਆਂ ਗਲਾਂ ਸੁਣਦਾ ਰਿਹਾ। ਮੇਰੀਆਂ ਅਖਾਂ ਅਥਰੂਆਂ ਨਾਲ ਭਰ ਆਈਆਂ ਅਤੇ ਮੈਂ ਅਪਨੇ ਮੂੰਹ ਨੂੰ ਹੱਥਾਂ ਨਾਲ ਢੱਕ ਲਿਆ। ਅਥਰੂ ਨਾਂ ਰੁਕ ਸਕੇ ਅਤੇ ਮੂੰਹ ਨੂੰ ਹੱਥਾਂ ਨਾਲ ਕਈ ਦੇਰ ਲੁਕਾਈ ਰੱਖਿਆ। ਉਹ ਬੜੀ ਸੂਝ ਵਾਲੀ ਹੈ ਸਮਝ ਤੇ ਗਈ ਪਰ ਮੈਨੂੰ ਕੁਝ ਨਾਂ ਕਿਹਾ ਸੀ। ਇਕ ਦਿਨ ਮੇਰਾ ਇਕ ਭਰਾ ਡਰ ਕੇ ਪਿਉ ਤੋਂ; ਅਲਮਾਰੀ ਅੰਦਰ ਲੁਕ ਗਿਆ ਸਿਰ ਤੇ ਦੋਵੇਂ ਹੱਥ ਰੱਖ ਕੇ। ਬਾਪ ਨੇ ਲੱਭ ਲਿਆ ਅਤੇ ਰੰਭੇ ਨਾਲ ਉਹਦੀ ਇਕ ਉਂਗਲ ਕੱਟ ਦਿੱਤੀ। ਫੇਰ ਹਸਪਤਾਲ ਲੈ ਗਿਆ ਆਖਿਆ ਜੇ ਡਾਕਟਰ ਨੂੰ ਸਚ ਦੱਸਿਆ ਤਾਂ ਤੇਰੀ ਮਾਂ ਨੂੰ ਮਾਰ ਦਿਆਂਗਾ। ਕਹਿਣਾ ਸੱਟ ਲਗ ਗਈ ਹੈ। ਸਾਡੀ ਮਾਂ ਨੂੰ ਰੋਜ ਕੁੱਟਦਾ, ਇਨਸਾਨ ਨਹੀਂ ਜਾਨਵਰ ਸੀ। ਫਿਰ ਘਰ ਛਡ ਗਿਆ। ਮੈਕਸੀਕੋ ਸ਼ਹਿਰ ਦੀ 21ਲਖ ਆਬਾਦੀ ਹੈ। ਦੁਨੀਆ ਦਾ 12ਵਾਂ ਵੱਡਾ ਸ਼ਹਿਰ ਹੈ । ਕਈ ਲੋਕ ਬਹੁਤ ਅਮੀਰ ਤੇ ਬਹੁਤੇ ਗਰੀਬ ਹਨ। ਅਮੀਰ ਲੋਕ ਖਾਨ ਵਾਲੀਆਂ ਵਸਤਾਂ ਦੀ ਜਦੋਂ Expiry ਤਰੀਕ ਨਿਕਲ ਜਾਂਦੀ ਹੈ ਤਾਂ ਬਾਹਰ ਸੁੱਟ ਦਿੰਦੇ ਹਨ। ਅਸੀਂ ਗਾਰਬੇਜ ਨੂੰ ਫੋਲ ਫੋਲ ਕੇ ਖਾਣ ਲਈ ਜੋ ਮਿਲਦਾ ਖਾ ਲੈਂਦੇ। ਇਸ ਤਰ੍ਹਾਂ 7 ਸਾਲ ਤਕ ਚਲਦਾ ਰਿਹਾ। ਅਸੀਂ ਗਾਰਬੇਜ ਹੀ ਖਾਂਦੇ ਅਤੇ ਗਾਰਬੇਜ ਵਿਚ ਹੀ ਰਹੇ। ਮੈਂ ਕਈ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰ ਵੇਲੇ ਕੋਈ ਨਾਂ ਕੋਈ ਘਰ ਵਿਚ ਭੈਣ ਭਰਾ ਜਾਂ ਮਾਂ ਮੈਨੂੰ ਬਚਾ ਲੈਂਦੇ। ਮੈਂ ਹਰ ਇਕ ਇਨਸਾਨ ਨੂੰ ਨਫ਼ਰਤ ਕਰਦੀ; ਇਹ ਦੁਨੀਆਂ ਕੀ ਹੈ ਇੰਨੀ ਭੈੜੀ। ਨਫ਼ਰਤ ਨਾਲ ਮੈਂ ਭਰੀ ਰਹਿੰਦੀ ਅਤੇ ਗੁੱਸੇ ਨਾਲ ਮੈਂ ਕਈ ਲੋਕਾਂ ਨਾਲ ਬੁਰੀ ਤਰ੍ਹਾਂ ਲੜਦੀ। ਮੈਨੂੰ ਹਸਪਤਾਲ ਲੈ ਜਾਂਦੇ ਇਲਾਜ ਲਈ। ਡਾਕਟਰ ਦੁਆਈ ਦੇ ਕੇ ਵਾਪਸ ਭੇਜ ਦਿੰਦੇ। ਮੈਨੂੰ ਬੀਮਾਰੀ ਤੇ ਕੋਈ ਨਹੀਂ ਸੀ ਸਿਰਫ ਦੁਨੀਆਂ ਨਾਲ ਨਫ਼ਰਤ ਤੇ ਅਤੀ ਗੁੱਸਾ ਰੰਜਸ਼ ਸੀ; ਮੈਂ ਜੀਉਣਾ ਨਹੀਂ ਸੀ ਚਾਹੁੰਦੀ। ਮੇਰਾ ਇਕ ਵੱਡਾ ਭਰਾ ਲੁਕ ਕੇ ਸਰਹੱਦ ਪਾਰ ਕਰਕੇ ਅਮਰੀਕਾ ਆ ਗਿਆ। ਕੁਝ ਸਾਲਾਂ ਬਾਅਦ ਅਸੀਂ ਸਾਰੇ ਮਾਂ ਸਮੇਤ ਸਾਰੇ ਬਾਕੀ ਦੇ ਭੈਣ ਭਰਾ ਚੋਰੀ ਛੁਪੀ ਸਰਹੱਦ ਪਾਰ ਕਰਕੇ ਇਕ ਦਿਨ ਅਮਰੀਕਾ ਆ ਗਏ। ਉਹਨਾਂ ਦਿਨਾਂ ਵਿਚ ਸਰਹੱਦ ਪਾਰ ਕਰਨਾ ਇੰਨਾਂ ਔਖਾ ਨਹੀਂ ਸੀ। ਮੈਨੂੰ ਇਕ ਚੰਗੀ ਔਰਤ ਮਿਲੀ ਉਸਨੇ ਮੈਨੂੰ ਬਾਈਬਲ ਅੰਗਰੇਜ਼ੀ ਵਿਚ ਲਿਖੀ ਹੋਈ ਦਿੱਤੀ। ਮੈਂ ਆਖਿਆ ਕਿ ਮੈਨੂੰ ਤੇ ਸਿਰਫ ਸਪੈਨਿਸ਼ ਭਾਸ਼ਾ ਹੀ ਆਉਂਦੀ ਹੈ; ਉਸਨੇ ਸਪੈਨਿਸ਼ ਭਾਸ਼ਾ ਵਿਚ ਬਾਈਬਲ ਦਿੱਤੀ। ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਉਹ ਔਰਤ ਮੈਨੂੰ ਪਿਆਰ ਨਾਲ ਮਤਲਬ ਬਾਈਬਲ ਦਾ ਮਤਲਬ ਸਮਝਾਂਦੀ। ਹੌਲੀ ਹੌਲੀ ਮੈਂ ਅਮਲ ਕਰਨਾ ਸ਼ੁਰੂ ਕਰ ਦਿੱਤਾ। ਮੈਂ ਅੰਗਰੇਜ਼ੀ ਲਿਖਣਾ ਅਤੇ ਬੋਲਣਾ ਵੀ ਸਿਖ ਲਿਆ। ਮੰਨ ਨੂੰ ਸ਼ਾਂਤੀ ਮਿਲਣੀ ਸ਼ੁਰੂ ਹੋ ਗਈ। ਮੈਂ ਜਿਉਣਾ ਚਾਹੁੰਦੀ ਸੀ ਖ਼ੁਦਕੁਸ਼ੀ ਦਾ ਖਿਆਲ ਮੰਨ ਵਿਚੋਂ ਨਿਕਲ ਗਿਆ। ਮੈਨੂੰ ਨੌਕਰੀ ਵੀ ਮਿਲ ਗਈ। ਮੇਰੇ ਦੋਵੇਂ ਵੱਡੇ ਭਰਾ ਪਹਿਲਾਂ ਹੀ ਨੌਕਰੀ ਕਰ ਰਹੇ ਸਨ। ਅਸੀਂ ਬੜੀ ਚੰਗੀ ਜ਼ਿੰਦਗੀ ਜੀਉਣ ਲਗੇ ਮਾਨੋ ਕਿ ਦੁਖ ਭਰੇ ਦਿਨ ਲੰਘ ਗਏ ਹਨ। ਮੇਰੀ ਮਾਂ ਵੀ ਖੁਸ਼ ਸੀ। ਕਹਿੰਦੀ ਹੁਣ ਸਾਡੇ ਕੋਲ ਰੋਟੀ ਹੈ, ਤੁਹਾਨੂੰ ਸਾਰਿਆਂ ਨੂੰ ਰੁਜ਼ਗਾਰ ਮਿਲ ਗਿਆ ਹੈ ਸਾਰੇ ਅਸੀਂ ਖੁਸ਼ ਹਾਂ। ਜਦੋਂ ਮੈਂ 25 ਸਾਲਾਂ ਦੀ ਹੋਈ ਤਾਂ ਮੇਰੀ ਸ਼ਾਦੀ ਇਕ ਲੜਕੇ ਨਾਲ ਜੋ ਕਿ ਮੈਕਸਿਕੋ ਤੋਂ ਹੀ ਆਇਆ ਸੀ ਨਾਲ ਕਰ ਦਿੱਤੀ। ਉਹ ਬੜਾ ਚੰਗਾ ਅਤੇ ਮੈਂ ਉਸਨੂੰ ਅਪਨੀ ਪਿਛਲੀ ਜ਼ਿੰਦਗੀ ਬਾਰੇ ਸਭ ਕੁਝ ਦਸ ਦਿੱਤਾ। ਉਸਨੇ ਮੇਰੇ ਨਾਲ ਹੋਰ ਹਮਦਰਦੀ ਕਰਨੀ ਸ਼ੁਰੂ ਕਰ ਦਿੱਤੀ।

Land scaping ਦਾ ਕੰਮ ਕਰਦਾ ਹੈ। ਸਾਡੀ ਇਕ ਲੜਕੀ ਦਸ ਸਾਲ ਦੀ ਹੈ ਜੋ ਸਕੂਲ ਜਾਂਦੀ ਹੈ। ਅਸੀਂ ਬੜੇ ਖੁਸ਼ ਹਾਂ। ਮੈਂ ਵੀ ਚਰਚ ਵਿਚ ਨੌਕਰੀ ਕਰਦੀ ਹਾਂ। ਮੈਨੂੰ ਵੀ ਤਨਖਾਹ ਮਿਲਦੀ ਹੈ। ਹੁਣ ਮੈਨੂੰ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ ਹੈ। ਜ਼ਿੰਦਗੀ ਚੰਗੀ ਹੈ।

ਮੇਰੇ ਦਾਦਾ ਜੀ ਦੀ ਇਕ ਹੀ ਵੱਡੀ ਭੈਣ ਸੀ ਜੋ ਛੋਟੀ ਉਮਰ ਵਿਚ ਵਿਧਵਾ ਹੋ ਗਈ। ਉਦੋਂ ਦੁਬਾਰਾ ਸ਼ਾਦੀ ਕਰਨ ਦਾ ਖਿਆਲ ਵੀ ਨਹੀਂ ਸੀ ਹੁੰਦਾ। ਇਹ 19ਵੀਂ ਸਦੀ ਦੇ ਆਖਰੀ ਚੌਥਾਈ ਦੀ ਗਲ ਹੈ। ਵਿਚਾਰੀ ਸਾਰੀ ਉਮਰ ਵਿਧਵਾ ਨੇ ਬਾਬੇ ਦੇ ਘਰ ਦੇ ਕੋਲ ਇਕ ਵਖਰੇ ਘਰ ਵਿਚ ਸਾਰੀ ਉਮਰ ਗੁਜ਼ਾਰ ਦਿੱਤੀ। ਮੇਰੇ ਪਿਤਾ ਜੀ ਘਰ ਵਿਚੋਂ ਸਭ ਤੋਂ ਵੱਡੇ ਸਨ। ਭੂਆ ਕੌੜੀ ਮੇਰੇ ਪਿਤਾ ਨੂੰ ਅਪਨਾ ਪੁੱਤਰ ਸਮਝਦੀ। ਉਸ ਨਾਲ ਮਾਂ ਵਰਗਾ ਪਿਆਰ ਕਰਦੀ। ਮੱਝ ਦਾ ਘਿਓ ਜੋੜ ਕੇ ਕਹਿੰਦੀ ਪੁੱਤਰ ਪੀ ਜਾ। ਸਾਨੂੰ ਬਚਿਆਂ ਨੂੰ ਵੀ ਪਿਆਰ ਕਰਦੀ ਪਰ ਜਦੋਂ ਅਸੀਂ ਉਸ ਨਾਲ ਇਧਰ ਉਧਰ ਦੀਆਂ ਗਲਾਂ ਕਰਦੇ ਉਹ ਥੱਕ ਜਾਂਦੀ ਤੇ ਕਹਿੰਦੀ ਕੁਤਰਿਓ ਦੌੜ ਜਾਉ। ਬਾਬਾ ਜੀ ਸ਼ਰਾਬ ਰੋਜ਼ ਪੀ ਕੇ ਰਾਤ ਨੂੰ ਘਰ ਆਉਂਦੇ ਅਤੇ ਜੇ ਭੂਆ ਜਾਗਦੀ ਹੁੰਦੀ ਤਾਂ ਕਹਿੰਦੇ ਕੁਤਰਾ ਸ਼ਰਾਬ ਪੀ ਕੇ ਆ ਗਿਆ ਹੈ। ਬਾਬਾ ਜੀ ਸਿਰਫ ਅਪਨੀ ਭੈਣ ਤੋਂ ਡਰਦੇ। ਮੈਂ ਚਾਰ ਸਾਲ ਦੀ ਹੋਵਾਂਗੀ ਕਿ ਉਹ ਮਰ ਗਈ। ਉਸ ਨੂੰ ਫੁਲਾਂ ਨਾਲ ਸਜਾਇਆ ਗਿਆ, ਪਤਾਸਿਆਂ ਤੇ ਪੈਸਿਆਂ ਦੀ ਸੋਟ ਕਰਦੇ ਕਰਦੇ ਸ਼ਮਸ਼ਾਨ ਘਾਟ ਲੈ ਗਏ ਤੇ ਉਸਦਾ ਸੰਸਕਾਰ ਹੋ ਗਿਆ।

ਮੇਰੇ ਕਈ ਸਾਲਾਂ ਤੋਂ ਬਣੇ ਇਕ ਦੋਸਤ ਦੇ ਘਰ ਦਾ ਕੰਮ ਇਕ ਔਰਤ ਸ਼ਾਰਦਾ 60 ਸਾਲਾਂ ਦੀ ਹੈ; ਘਰ ਦਾ ਸਾਰਾ ਕੰਮ ਕਰਦੀ ਹੈ; ਰੋਟੀ ਬਣਾਣਾ, ਘਰ ਦੀ ਸਫਾਈ, ਬਰਤਨ ਸਾਫ ਕਰਨੇ ਵਗੈਰਾ। 8 ਸਾਲਾਂ ਤੋਂ ਕਰ ਰਹੀ ਹੈ। ਮੇਰੇ ਦੋਸਤ ਨੇ ਉਸਨੂੰ ਮੂੰਹ ਬੋਲੀ ਛੋਟੀ ਭੈਣ ਬਣਾ ਲਈ ਹੈ। ਉਹ ਵਿਧਵਾ ਹੋ ਗਈ ਸੀ। ਸ਼ਾਰਦਾ ਦੀ ਜ਼ਿੰਦਗੀ ਦੀ ਕਹਾਣੀ ਵੀ ਦਰਦਨਾਕ ਹੈ। ਦੋਸਤ ਕਹਿੰਦਾ ਹੈ ਕਿ ਸ਼ਾਰਦਾ ਕਦੀ ਅਪਨੇ ਬਾਰੇ ਗਲ ਨਹੀਂ ਕਰਦੀ। ਪੁੱਛਣ ਤੇ ਸ਼ਾਰਦਾ ਨੇ ਦੱਸਿਆ,"ਕਿ ਘਰ ਵਿਚੋਂ ਉਹ ਸਭ ਤੋਂ ਵੱਡੀ ਹੈ। ਤਿੰਨ ਛੋਟੇ ਭਰਾ ਹਨ। ਜਦੋਂ ਮੈਂ ਚੌਦਾਂ ਸਾਲਾਂ ਦੀ ਸੀ ਮਾਂ-ਪਿਉ ਗੁਜ਼ਰ ਗਏ। ਅਸੀਂ ਗਰੀਬ ਘਰ ਦੇ ਅਤੇ ਨੀਵੀਂ ਜ਼ਾਤ ਦੇ ਹਾਂ। ਦੋਸਤ ਨੇ ਕਿਹਾ,"ਭੈਣ ! ਕੋਈ ਗਲ ਨਹੀਂ ਇਨਸਾਨ ਚੰਗਾ ਹੋਵੇ ਜ਼ਾਤ ਦਾ ਕੀ ਹੈ। ਸ਼ਾਰਦਾ: ਸਾਰੀ ਜ਼ਿੰਮੇਵਾਰੀ ਮੇਰੇ ਤੇ ਆ ਗਈ। ਉਦੋਂ ਦੀ ਮੈਂ ਲੋਕਾਂ ਦੇ ਘਰਾਂ ਵਿਚ ਕੰਮ ਕਰ ਰਹੀ ਹਾਂ। ਜਦੋਂ ਭਰਾ ਵੱਡੇ ਹੋਏ ਤਾਂ ਛੋਟਾ ਮੋਟਾ ਕੰਮ ਕਰ ਕੇ ਅਪਨਾ ਗੁਜ਼ਾਰਾ ਘਰ ਦਾ ਚਲਾਉਣ ਲਗ ਪਏ। ਕਿਸੇ ਨੇੜੇ ਦੇ ਰਿਸ਼ਤੇਦਾਰ ਨੇ ਮੇਰੀ ਸ਼ਾਦੀ ਕਰ ਦਿੱਤੀ। ਮੇਰੇ ਦੋ ਲੜਕੀਆਂ ਹਨ। ਭਰਾਵਾਂ ਨੇ ਇਕ ਖੁੱਲ੍ਹਾ ਹਾਤਾ ਖਰੀਦ ਲਿਆ। ਮੈਂ ਉਹਨਾਂ ਦੀਆਂ ਸ਼ਾਦੀਆਂ 5-6 ਸਾਲਾਂ ਵਿਚ ਕਰ ਦਿੱਤੀਆਂ। ਹਰ ਇਕ ਨੇ ਅਪਨੇ ਵਾਸਤੇ ਹੌਲੀ ਹੌਲੀ ਦੋ-ਤਿੰਨ ਕਮਰੇ ਬਣਾ ਲਏ। ਮੇਰਾ ਪਤੀ ਬੜਾ ਸ਼ਰਾਬੀ ਸੀ। ਉਸਦੀ ਮੌਤ ਜਲਦੀ ਹੋ ਗਈ। ਮੈਂ ਉਹਨਾਂ ਦੇ ਹਾਤੇ ਵਿਚ ਹੀ ਇਕ ਕਮਰਾ ਅਪਨੇ ਵਾਸਤੇ ਬਣਾ ਲਿਆ। ਭਰਾਵਾਂ ਨੂੰ ਕਿਹਾ ਕਿ ਮੈਂ ਹੋਰ ਸ਼ਾਦੀ ਨਹੀਂ ਕਰਾਵਾਂਗੀ ਅਤੇ ਤੁਹਾਨੂੰ ਕਿਸੇ ਕਿਸਮ ਦਾ ਮੇਰੇ ਬਾਰੇ ਉਲਾਂਭਾ ਨਹੀਂ ਆਵੇਗਾ। ਸਾਰੇ ਭਰਾ ਉਹਨੇ ਦੀਆਂ ਪਤਨੀਆਂ ਅਤੇ ਭਤੀਜੇ ਭਤੀਜੀਆਂ ਮੇਰੀ ਬੜੀ ਇੱਜ਼ਤ ਕਰਦੇ ਹਨ। ਅਪਨੇ ਲਈ ਮੈਂ ਦੋ ਘਰਾਂ ਦਾ ਕੰਮ ਕਰ ਕੇ ਗੁਜ਼ਾਰਾ ਚਲਾ ਲੈਂਦੀ ਹਾਂ। ਕੁੜੀਆਂ ਦਾ ਵਿਆਹ ਵੀ ਕਰ ਦਿੱਤਾ ਹੈ। ਜਵਾਈ ਚੰਗੇ ਹਨ। ਮੇਰੇ ਚਾਰ ਦੋਹਤਰੇ ਅਤੇ ਦੋਹਤਰੀਆਂ ਹਨ। ਹੁਣ ਮੈਨੂੰ ਇਕ ਪੂਰੇ ਗੁਰੂ ਦੇ ਵੀ ਨਾਮ ਦਾਨ ਦੀ ਬਖ਼ਸ਼ਿਸ਼ ਹੋ ਗਈ ਹੈ। ਮੇਰੀ ਜ਼ਿੰਦਗੀ ਠੀਕ ਚਲ ਰਹੀ ਹੈ।

ਕਿਸੇ ਸਿਆਣੇ ਨੇ ਠੀਕ ਕਿਹਾ ਹੈ ਕਿ ਗਰੀਬੀ ਦੀ ਦਲਦਲ ਵਿਚੋਂ ਨਿਕਲ ਕੇ ਹੀ ਇਨਸਾਨ ਕੁਝ ਸੋਚ ਸਕਦਾ ਹੈ। ਚੇਤੰਨਤਾ ਦਾ ਵਿਕਾਸ ਨਾਂ ਹੋਣਾ ਚੇਹਰੇ ਪੀਲੇ, ਕੋਝੇ ਰਸਮ ਰਿਵਾਜ਼, ਵਹਿਮ, ਨੀਂਦ ਦਾ ਨਾਂ ਆਉਣਾ, ਪਾਗਲਪਣ ਦੇ ਦੌਰੇ, ਚਿੰਤਾ ਦੀ ਅਗਨ ਵਗੈਰਾ ਆ ਜਾਂਦੇ ਹਨ। ਗਰੀਬੀ ਵਿਚ ਹੈਵਾਨੀਅਤ, ਜ਼ੁਲਮ, ਗੰਦਗੀ ਦੇ ਢੇਰ, ਖੁਦਕੁਸ਼ੀਆਂ, ਭੂਤ ਪਰੇਤ ਚਿਮਟਣੇ, ਔਰਤਾਂ ਨਾਲ ਜ਼ੁਲਮ, ਔਰਤਾਂ ਨੂੰ ਗ਼ਸ਼ ਪੈਣੇ, ਇਹੋ ਜਿਹੀ ਬੁਰੀ ਹਾਲਤ ਵਿਚ ਔਰਤਾਂ ਦੀ ਹਾਲਤ ਅਤਿ ਬੁਰੀ ਹੋ ਜਾਂਦੀ ਹੈ। ਲੋਕਾਂ ਵਿਚ ਬਹੁਤ ਵਹਿਮ ਘਰ ਕਰ ਜਾਂਦਾ ਹੈ। ਭੂਤਾਂ ਨੂੰ ਕਢਨ ਵਾਲੇ ਸਿਆਣੇ ਵੀ ਕਈ ਬਣ ਜਾਂਦੇ ਹਨ। ਕਹਿੰਦੇ ਹਨ ਭੂਤ ਚਿੰਬੜ ਗਿਆ ਹੈ। ਔਰਤਾਂ ਨੂੰ ਖਿਡਾ ਕੇ ਭੂਤਾਂ ਨੂੰ ਕੱਢਦੇ ਹਨ। ਨੀਝ ਲਾਇਆਂ ਦੇਖਿਆ ਜਾਵੇ ਤਾਂ ਇਹ ਗਰੀਬੀ ਦੀ ਹੀ ਉਪਜ ਹਨ। ਗਰੀਬੀ ਦੀ ਅਗਿਆਨਤਾ ਹੀ ਹੈ ਜੋ ਸੂਰਜ ਦੇਵਤਾ, ਅਗ ਦੇਵਤਾ, ਪੌਣ ਦੇਵਤਾ, ਪਾਣੀ ਦੀ ਪੂਜਾ। ਹਾਂ ਇਨਸਾਨ ਨੇ ਜੇ ਪੂਜਾ ਕਰਨੀ ਹੈ ਤਾਂ ਉਸਦੇ ਪੂਜਾ ਦੇ ਲਾਇਕ ਉਹ ਇਕ ਹੀ ਰਚਣਹਾਰ ਕੁਲ ਮਾਲਿਕ ਹੈ। ਹੋਰ ਕੋਈ ਦੇਵੀ ਦੇਵਤੇ, ਮਾਤਾ ਆਦਿਕ ਨਹੀਂ ਹਨ। ਕਈ ਜਗਾ ਤਾਂ ਸਪ, ਚੂਹਿਆਂ ਆਦਿਕ ਦੀ ਪੂਜਾ ਵੀ ਕਰਦੇ ਹਨ। ਜਿਉਂ ਜਿਉਂ ਸਾਇੰਸ ਨੇ ਤਰੱਕੀ ਕੀਤੀ ਖੰਡਾਂ ਬ੍ਰਹਮੰਡ ਤਕ ਦਾ ਗਿਆਨ ਆ ਗਿਆ। ਮਨੁੱਖਤਾ ਦੇ ਗਿਆਨ ਦੀ ਹਦ ਵੱਧਦੀ ਗਈ ਅਤੇ ਜਾਹਿਰ ਹੈ ਕੇ ਇਹਦੀ ਸੀਮਾ ਲਖ ਅਕਾਸ਼ ਲਖ ਪਤਾਲ ਤੋਂ ਵੀ ਅੱਗੇ ਹੈ।

ਜ਼ਿਆਦਾ ਪੈਸੇ ਦੀ ਗਲ ਵੀ ਕਰ ਲਈਏ। ਅਮਰੀਕਾ ਵਿਚ ਇਕ ਮਿੱਤਰ ਹੈ ਜੋ 1967 ਵਿਚ ਆ ਗਿਆ ਸੀ। ਅਕਲਮੰਦ, ਸੂਝ ਬੂਝ ਵਾਲਾ, ਅਪਨਾ ਖ਼ੁਦ ਦਾ ਕੰਮ ਹੈ ਉਹਦਾ। ਕਈ ਕਰੋੜ ਡਾਲਰ ਕਮਾਏ ਹਨ ਉਸਨੇ ਬੜੀ ਇਮਾਨਦਾਰੀ ਨਾਲ। ਮੈਨੂੰ ਕਹਿੰਦਾ ਹੈ ਤੂੰ ਤੇ ਯਾਰ ਪੈਸੇ ਤੋਂ ਕੰਡ ਕਰ ਲਈ ਹੈ। ਮੈਂ ਕਹਿੰਦਾ ਹਾਂ ਕਿ ਪੈਸਾ ਕਿਨੂੰ ਭੈੜਾ ਲਗਦਾ ਹੈ ਪਰ ਉਹ ਮਾਲਕ ਹਰ ਇਕ ਦੀ ਉਕਾਤ ਤੋਂ ਜ਼ਿਆਦਾ ਹੀ ਦਿੰਦਾ ਹੈ। ਤੂੰ ਮਿਹਨਤ ਨਾਲ ਜ਼ਿਆਦਾ ਕੁਝ ਕਮਾ ਲਿਆ ਹੈ। ਤੈਨੂੰ ਮੁਬਾਰਕ ਤੇ ਮੈਨੂੰ ਖੁਸ਼ੀ ਹੈ। ਉਹ ਦਾ ਇਕ ਲੜਕਾ ਅਤੇ ਇਕ ਲੜਕੀ ਹੈ। ਲੜਕੇ ਦੀ ਅਪਨੀ ਪਤਨੀ ਨਾਲ ਨਹੀਂ ਬਨਦੀ ਅਤੇ ਲੜਕੀ ਕੁਝ ਠੀਕ ਨਹੀਂ ਰਹਿੰਦੀ। ਕਹਿੰਦਾ ਹੈ ਮੇਰੇ ਪੈਸਾ ਦਾ ਕੀ ਫਾਇਦਾ ਜੇ ਮੇਰੇ ਬਚੇ ਖੁਸ਼ ਨਹੀ। ਅਮਰੀਕਾ ਵਿਚ ਇਕ ਹੋਰ ਦੋਸਤ ਨੂੰ Diabetes ਦੀ ਬੀਮਾਰੀ ਹੈ ਉਹ ਪੈਨਸਲੀਨ ਦੀ ਛੋਟੀ ਬੋਤਲ ਜਿਸ ਰਾਹੀ ਅਪਨੇ ਆਪ ਪੈਨਸਲੀਨ ਲੋੜ ਮੁਤਾਬਿਕ ਜਾਂਦੀ ਰਹਿੰਦੀ ਹੈ ਲਕ ਨਾਲ 24ਵੀ ਘੰਟੇ ਬੰਨੀ ਰੱਖਦਾ ਹੈ। ਪੈਸੇ ਵਾਲਾ ਹੈ ਪਰ ਸਿਹਤ ਠੀਕ ਨਹੀਂ ਹੈ। ਕਈ ਰਿਸ਼ਤੇਦਾਰ ਹਨ ਭਾਰਤ ਵਿਚ, ਕਈ ਜਾਣੂ ਲੋਕ ਅਮਰੀਕਾ ਵਿਚ ਵੀ ਹਨ ਜਿੰਨਾਂ ਦਾ ਕੋਈ ਇਕ ਬਚਾ ਅਪਾਹਜ ਹੈ।


ਨਾਨਕ ਦੁਖੀਆ ਸਭ ਸੰਸਾਰ ਸੋ ਸੁਖੀਆ ਜੋ ਨਾਮ ਅਧਾਰ। ਫਰੀਦਾ ਮੈਂ ਜਾਣਿਆ ਦੁਖ ਮੁਝ ਕੋ, ਦੁਖ ਸੁਹਾਇਆ ਜਗ; ਉੱਚੇ ਚੜ੍ਹ ਕੇ ਦੇਖਿਆ ਤਾਂ ਘਰ ਘਰ ਇਹੋ ਅਗ। ਜੀਸਸ ਕ੍ਰਾਇਸਟ, ਮਹਾਤਮਾ ਬੁੱਧ ਅਤੇ ਹੋਰ ਸਭ ਮਹਾਂਪੁਰਸ਼ਾਂ ਨੇ ਵੀ ਕੁਝ ਇਸ ਤਰ੍ਹਾਂ ਹੀ ਕਿਹਾ ਹੈ। ਕਹਿੰਦੇ ਹਨ ਭਰਾਵੋ ਭੁੱਲ ਕੇ ਵੀ ਅਸੀਂ ਦੂਸਰਿਆਂ ਨੂੰ ਦੋਸ਼ ਨਹੀ ਦੇਣਾ, ਸਾਡਾ ਅਪਨਾ ਕੀਤਾ ਹੀ ਸਾਡੇ ਸਾਹਮਣੇ ਆ ਰਿਹਾ ਹੈ। ਸਾਡਾ ਸਭ ਦਾ ਕੁਝ ਇਸ ਤਰਾਂ ਦਾ ਹੀ ਹਾਲ ਹੈ। ਮੈਂ ਵੀ ਤੁਹਾਡੇ ਵਰਗਾ ਆਮ ਇਨਸਾਨ ਹਾਂ। ਭਲਾ ਦੁਖਾਂ ਤੋਂ ਬਿਨਾ ਹੋ ਸਕਦਾ ਹਾਂ? ਕਦੀ ਨਹੀਂ।

# ਖੇਡਾਂ ਅਤੇ ਸਿੱਖ ਸੱਭਿਆਚਾਰ

**ਦਰਸ਼ਨ ਸਿੰਘ**

ਗੁਰਮਤਿ ਸੱਭਿਆਚਾਰ ਅਧਿਆਤਮਿਕ ਚਿੰਤਨ ਦੇ ਨਾਲ-ਨਾਲ ਸਵੱਸਥ ਮਨ ਅਤੇ ਤੰਦਰੁਸਤ ਸਿਹਤ ਸੰਭਾਲ 'ਤੇ ਵੀ ਬਰਾਬਰ ਦਾ ਬਲ ਦੇਂਦਾ ਹੈ। ਇਸ ਬਲ ਦਾ ਕੇਂਦਰੀ ਭਾਵ ਇੰਦਰੀਆਂ ਨੂੰ ਸੰਜਮ ਅਤੇ ਵੱਸ ਵਿਚ ਰੱਖਣ ਦਾ ਹੈ।

ਗੁਰੂ ਦੇ ਸਿੱਖ ਲਈ ਬਾਣੀ, ਬਾਣਾ ਅਤੇ ਜੀਵਨ ਸ਼ੈਲੀ ਨੂੰ ਸਮ-ਤੋਲ, ਸਮ-ਨਿਰਬਾਅ ਤੇ ਸਮ-ਪ੍ਰਵਾਹਅ ਬਣਾਈ ਰੱਖਣ ਲਈ ਨਿਤਨੇਮ ਕਰਨ ਤੇ ਆਪਣੇ ਆਪ ਨੂੰ ਉਸ ਨੇਮ ਵਿਚ ਦਰਸਾਏ ਗੁਣਾਂ ਅਨੁਸਾਰ ਢਾਲਣਾ ਮੰਨਿਆ ਗਿਆ ਹੈ। ਨੇਮ ਦੀਆਂ ਬਾਣੀਆਂ ਵਿਚ ਜਪੁਜੀ ਸਾਹਿਬ ਦਾ ਪ੍ਰਥਮ ਸਥਾਨ ਹੈ। ਇਸ ਇਲਾਹੀ ਬਾਣੀ ਵਿਚ ਉੱਤਮ ਮਨੁੱਖ ਲਈ ਪੰਜ ਵਿਵਸਥਾ-ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ। ਇਹ ਜ਼ਿਕਰ ਮਨੁੱਖੀ ਮਾਨਸਿਕ ਵਿਕਾਸ ਦਾ ਹੀ ਜ਼ਿਕਰ ਹੈ ਜਿਨ੍ਹਾਂ ਦੇ ਆਧਾਰ ਤੇ ਆਪਣਾ ਲਕਸ਼ ਮੰਨ ਕੇ ਤੁਰਨਾ ਇਕ ਸਿਆਣੇ ਖਿਡਾਰੀ ਲਈ ਅਤੀ ਜ਼ਰੂਰੀ ਹੈ। ਇਹਨਾਂ ਖੰਡਾਂ ਵਿਚ ਸਿੱਧੇ ਰੂਪ ਵਿਚ ਅਧਿਆਤਮਿਕ ਜਗਿਆਸੂ ਲਈ ਉਸ ਪ੍ਰਭੂ ਦੀ ਪ੍ਰਾਪਤੀ ਲਈ ਗਾਡੀ ਰਾਹ ਹਨ। ਇਸੇ ਤਰ੍ਹਾਂ ਖਿਡਾਰੀ ਨੂੰ ਵੀ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਜਾਂ ਖੇਡ ਵਿਚ ਜਿੱਤ ਦੀ ਪ੍ਰਾਪਤੀ, ਦੋਵੇਂ ਬਰਾਬਰ ਦੀਆਂ ਗੱਲਾਂ ਹੀ ਬਣ ਜਾਂਦੀਆਂ ਹਨ।




ਧਰਮ ਦੀ ਵਿਵਸਥਾ ਵਿਚ ਕਰਮ ਅਤੇ ਉਸ ਦੇ ਫ਼ਲ ਪ੍ਰਾਪਤ ਕਾਰਨ ਅਤੇ ਕਾਰਜ ਦੇ ਨਿਯਮ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਖੇਡ ਦੇ ਮੈਦਾਨ ਵਿਚ ਇਹ ਦੋਵੇਂ ਨਿਯਮ ਅਮਲੀ ਰੂਪ ਵਿਚ ਆਪਣੀ ਸਿਰਜਣਾਤਮਿਕ ਭੂਮਿਕਾ ਨਿਭਾਉਂਦੇ ਹਨ। ਖੇਡਾਂ ਵਿਚ ਖਿਡਾਰੀਆਂ ਨੂੰ ਸਫਲਤਾ ਪ੍ਰਾਪਤ ਕਰਨ ਲਈ ਜੋ ਮਿਹਨਤ ਕਰਨੀ ਪੈਂਦੀ ਹੈ, ਉਹ ਇਸ ਸੱਚ ਨੂੰ ਹੋਰ ਵੀ ਪੱਕਾ ਕਰ ਦਿੰਦੀ ਹੈ ਕਿ ਕਰਮ ਦੇ ਬਿਨਾਂ ਕਿਸੇ ਫਲ ਦੀ ਸੰਭਾਵਨਾ ਨਹੀਂ ਹੈ। ਇਸੇ ਤਰ੍ਹਾਂ ਕਾਰਨ ਅਤੇ ਕਾਰਜ ਦਾ ਨਿਯਮ ਵੀ ਖਿਡਾਰੀਆਂ ਨੂੰ ਆਪਣੀ ਕਾਰਜ-ਕੁਸ਼ਲਤਾ ਨੂੰ ਲਾਹੇਵੰਦ ਬਣਾਉਣ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਸੁਨੇਹਾ ਦਿੰਦਾ ਹੈ।

ਸੰਸਾਰ ਦੇ ਧਰਮਾਂ ਚਿ ਇਖ਼ਲਾਕੀ ਜੀਵਨ ਦੀ ਅਗਵਾਈ ਲਈ ਨੈਤਿਕ ਨਿਯਮਵਾਲੀਆਂ ਪੇਸ਼ ਕੀਤੀਆਂ ਗਈਆਂ ਹਨ। ਨੈਤਿਕ ਨਿਯਮਾਂ ਦੀ ਸੋਝੀ ਦੇ ਵਿਕਾਸ ਸਦਕਾ ਹੀ ਸਮਾਜ ਵਿਚ ਇਨਸਾਫ਼ ਦੇ ਸਰੋਕਾਰ ਵਿਆਪਕ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਨੈਤਿਕ ਨਿਯਮਾਂ ਦੀ ਉਪਯੋਗਤਾ ਹੀ ਖੇਡ ਦੇ ਮੈਦਾਨ ਵਿਚ ਖਿਡਾਰੀਆਂ ਦਾ ਆਪਸੀ ਸਹਿਯੋਗ, ਅਨੁਸ਼ਾਸਨ ਅਤੇ ਕੁਰਬਾਨੀ ਦੇ ਗੁਣ ਲਿਆਉਂਦੀ ਹੈ। ਈਰਖਾ ਅਤੇ ਵੈਰ ਵਿਰੋਧ ਦੀ ਭਾਵਨਾ ਦੂਰ ਹੁੰਦੀ ਹੈ। ਉਹ ਚੰਗੇ ਸੱਚੇ ਸੁੱਚੇ ਅਤੇ ਅਨੁਸ਼ਾਸਿਤ ਗੁਣਾਂ ਨਾਲ ਲਿਬਰੇਜ਼ ਇਨਸਾਨ ਹੋ ਨਿਬੜਦੇ ਹਨ।

ਗਿਆਨ ਦੀ ਅਵਸਥਾ ਵਿਚ ਪਹੁੰਚ ਕੇ ਸਾਧਕ ਵਧੇਰੇ ਸਥਿਰ ਹੋਣ ਲੱਗਦਾ ਹੈ। ਜਦੋਂ ਉਹ ਆਪਣਾ ਸਾਰਾ ਜ਼ੋਰ ਲਾ ਕੇ ਅਵਗੁਣਾਂ ਦੀ ਮੈਲ ਨੂੰ ਬਹੁਤ ਹੱਦ ਤੱਕ ਧੋ ਲੈਂਦਾ ਹੈ ਤਾਂ ਉਸ ਦਾ ਮਨ ਵਧੇਰੇ ਇਕਸੁਰ ਹੋਣ ਲੱਗ ਪੈਂਦਾ ਹੈ। ਇਹ ਪ੍ਰਾਪਤੀਆਂ ਖੇਡਾਂ ਵਿਚ ਹਿੱਸਾ ਲੈਣ ਨਾਲ ਖਿਡਾਰੀਆਂ ਨੂੰ ਉਦੋਂ ਹੁੰਦੀਆਂ ਹਨ, ਜਦੋਂ ਉਹ ਆਪਣੇ ਮਿੱਥੇ ਟੀਚੇ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਅਰਪਣ ਕਰ ਦਿੰਦੇ ਹਨ। ਉਨ੍ਹਾਂ ਨੂੰ ਆਪਣੇ ਸੱਚੇ ਮਨ ਦੀ ਪਛਾਣ ਹੋ ਜਾਂਦੀ ਹੈ। ਮਨ ਦੇ ਭੁਲੇਖੇ ਦੂਰ ਹੋ ਜਾਂਦੇ ਹਨ ਅਤੇ ਗਿਆਨ ਦੀ ਪ੍ਰਾਪਤੀ ਅਰਥਾਤ ਉਸ ਲਈ ਜਿੱਤਾਂ ਦੇ ਦਰ ਖੁੱਲ ਜਾਂਦੇ ਹਨ।

ਵਿਗਿਆਨਕਾਂ ਅਨੁਸਾਰ ਧਰਮ ਦੇ ਅਰਥ ਯਤਨ, ਮਿਹਨਤ, ਉੱਦਮ ਤੇ ਘਾਲਣਾ ਹਨ। ਗੁਰੂ ਸਾਹਿਬ ਅਨੁਸਾਰ ਜਿਹੜੀ ਰੂਹ ਅਨੰਦ ਵਿਚ ਹੈ, ਉਹੀ ਸੁੰਦਰ ਹੈ। ਖੇਡਾਂ ਵਿਚ ਹਿੱਸਾ ਲੈ ਕੇ ਖਿਡਾਰੀ ਜੋ ਅਨੰਦ ਪ੍ਰਾਪਤ ਕਰਦੇ ਹਨ, ਉਹ ਸਰੀਰਕ ਅਤੇ ਮਾਨਸਿਕ ਸਮਰੱਥਾ ਹੀ ਨਹੀਂ ਵਧਾਉਂਦੇ ਸਗੋਂ ਉਨ੍ਹਾਂ ਦੀ ਆਤਮਾ ਨੂੰ ਵੀ ਸੁੰਦਰ ਬਣਾਉਂਦੇ ਹਨ। ਧਾਰਮਿਕ ਕਰਮ 'ਚ ਲੀਨਤਾ ਅਤੇ ਘਾਲਣਾ ਨੂੰ ਟੀਚੇ ਦੀ ਪ੍ਰਾਪਤੀ ਦਾ ਸਾਧਨ ਬਣਾਉਂਦੇ ਹਨ। ਖਿਡਾਰੀਆਂ ਨੂੰ ਪ੍ਰੇਰਣਾ ਦਿੰਦਾ ਹੈ ਕਿ ਮਿਹਨਤ ਅਤੇ ਯਤਨ ਤੋਂ ਬਿਨ੍ਹਾਂ ਸਹੀ ਮੰਜ਼ਿਲ 'ਤੇ ਪਹੁੰਚਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਦੇ ਤੁੱਲ ਹੈ।

ਕਰਮ ਨੂੰ ਸੰਸਕ੍ਰਿਤ ਵਿਚ ਕੰਮ, ਮਜ਼ਦੂਰੀ ਅਤੇ ਚਾਕਰੀ ਮੰਨਿਆ ਜਾਂਦਾ ਹੈ। ਕਰਮ ਕਰਦਿਆਂ ਖਿਡਾਰੀ ਜਾਂ ਸਾਧਿਕ ਦੀ ਬਿਰਤੀ ਪੂਰਨ ਪੁਰਖ ਨਾਲ ਪੂਰਨ ਰੂਪ ਵਿਚ ਜੁੜ ਜਾਂਦੀ ਹੈ ਅਤੇ ਉਹ ਪ੍ਰੇਮ ਅਤੇ ਆਨੰਦ ਦੇ ਸਿਖ਼ਰ ਛੂੰਹਦਾ ਹੈ। ਉਹ ਸੰਸਾਰ ਵਿਚ ਮਹਾਨ ਕੰਮ ਕਰਨਯੋਗ ਹੁੰਦਾ ਹੈ, ਮਾਨੋਂ ਉਹ ਛਾਉਣੀ ਵਿਚ ਸਿਖਲਾਈ ਲੈਂਦਾ ਰੰਗਰੂਟ ਨਹੀਂ ਸਗੋਂ ਰਣ-ਭੂਮੀ ਵਿਚ ਜੌਹਰ ਦਿਖਾ ਰਿਹਾ ਸੂਰਮਾ ਹੈ। ਇਸੇ ਤਰ੍ਹਾਂ ਖੇਡਾਂ ਦੇ ਖੇਤਰ ਵਿਚ ਜਦੋਂ ਖਿਡਾਰੀ ਆਪਣੇ ਲਕਸ਼ ਦੀ ਪ੍ਰਾਪਤੀ ਵਿਚ ਸਮਾਅ ਜਾਂਦਾ ਹੈ, ਉਹ ਆਪਣੇ ਆਪ ਅਤੇ ਆਪਣੇ ਲਕਸ਼ ਵਿਚਕਾਰ ਫ਼ਰਕ ਮਿਟਾ ਦਿੰਦਾ ਹੈ ਅਤੇ ਲਕਸ਼ ਉਸ ਦੀ ਜ਼ਿੰਦਗੀ ਦਾ ਸਰੂਪ ਹੀ ਬਣ ਜਾਂਦਾ ਹੈ। ਇਹ ਉਹ ਸਥਿਤੀ ਹੈ, ਜਿਥੇ ਖਿਡਾਰੀ ਇਕ ਮਿਸਾਲ ਬਣ ਸਕਦਾ ਹੈ।

ਸੱਚ ਦਾ ਅਰਥ 'ਵਜੂਦ', 'ਯਥਾਰਥ', 'ਸੱਤ', ਅਤੇ 'ਅਮਲ' ਹੈ। ਸੱਚ ਸ੍ਰਿਸ਼ਟੀ ਦਾ ਮੂਲ ਹੁੰਦਾ ਹੈ। ਉਸ ਮੂਲ ਨੂੰ ਨਿਰੰਕਾਰ ਅਵਿਅਕਤ ਦਸ਼ਾ ਤੋਂ ਵਿਅਕਤ ਕਰਨ ਵਾਲਾ ਕਰਤਾ ਹੈ। ਸ੍ਰਿਸ਼ਟੀ ਨਿਰੰਕਾਰ ਦੀ ਰਚਨਾ ਹੈ। ਸੱਚ ਦੀ ਪ੍ਰਾਪਤੀ ਉਦੋਂ ਹੁੰਦੀ ਹੈ, ਜਦੋਂ ਉਹ ਵਿਅਕਤੀ ਆਪੇ ਨੂੰ ਪੂਰਨ ਤੌਰ 'ਤੇ ਨਿਰੰਕਾਰ ਨੂੰ ਅਰਪਣ ਕਰ ਦਿੰਦਾ ਹੈ। ਪ੍ਰਮਾਤਮਾ ਦੀ ਰਜ਼ਾ ਨੂੰ ਮੰਨਦਾ ਹੈ। ਆਪਣੇ ਵਿਕਾਰਾਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਦੇ ਹੋਏ ਜਪੁਜੀ ਨੂੰ ਸੇਧ ਮੰਨ ਕੇ ਇਨ੍ਹਾਂ ਨਿਯਮਾਂ ਨੂੰ ਅਮਲੀ ਰੂਪ ਦੇ ਕੇ ਸੱਚ ਦੀ ਪ੍ਰਾਪਤੀ ਅਸੀਂ ਖੇਡਾਂ ਰਾਹੀਂ ਕਰ ਸਕਦੇ ਹਾਂ।

ਜਪੁਜੀ ਰਾਹੀਂ, ਜਪੁਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ, ਜਪੁਜੀ ਦੇ ਪੰਜ ਖੰਡਾਂ ਦੀ ਰੌਸ਼ਨੀ ਵਿਚ ਕੋਈ ਖਿਡਾਰੀ ਵੀ ਜਿੱਥੇ ਆਪਣੀ ਖੇਡ ਦੀਆਂ ਉੱਚਤਮ ਪ੍ਰਾਪਤੀਆਂ ਨਾਲ ਆਪਣੇ ਆਪ ਨੂੰ ਜੋੜ ਸਕਦਾ ਹੈ, ਤਿਵੇਂ ਉਹ ਜੀਵਨ ਦੀ ਖੇਡ ਵਿਚ ਅਜਿਹੇ ਧਰਾਤਲ ਤੋਂ ਆਪਣੇ ਆਪ ਦਾ ਉਦਾਰੀਕਰਣ ਕਰ ਸਕਣ ਦੀ ਸਮਰੱਥਾ ਪੈਦਾ ਕਰ ਸਕਦਾ ਹੈ। ਇਹ ਮਾਰਗ ਵਿਅਕਤੀ ਚੰਗੇ ਮਨੁੱਖ ਦੇ ਰੂਪ ਵਿਚ ਢਾਲਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਚੰਗਾ ਖਿਡਾਰੀ ਇਨ੍ਹਾਂ ਦੀ ਰੌਸ਼ਨੀ ਵਿਚ ਕਲਿਆਣਕਾਰੀ ਚਰਿੱਤਰ ਵਾਲਾ ਵਿਅਕਤੀ ਬਣ ਸਕਦਾ ਹੈ।

ਸਿੱਖੀ ਦੀ ਨੀਂਹ ਹੀ ਮਨ ਨੂੰ ਵਿਸ਼ੇ ਵਿਕਾਰਾਂ ਅਤੇ ਵਹਿਮਾਂ-ਭਰਮਾਂ ਵਿਚ ਕੱਢਣ ਲਈ ਹੋਈ ਸੀ। ਉਪਰੰਤ ਗੁਰੂ ਅੰਗਦ ਦੇਵ ਜੀ ਦੇ ਮਨ ਦੀ ਇਕਾਗਰਤਾ ਦੇ ਨਾਲ-ਨਾਲ ਸਰੀਰ ਦੀ ਸਵੱਸਥਤਾ ਤੇ ਸਵੱਛਤਾ ਲਈ ਅਖਾੜੇ ਲਾਉਣ ਦਾ ਕਾਰਜ ਵੀ ਸ਼ੁਰੂ ਕੀਤਾ ਸੀ। ਗੱਲ ਕੀ ਸੀ, ਪਦਾਰਥਵਾਦੀ ਯੁੱਗ ਵਿਚ ਭਟਕਦੇ ਮਨ ਨੂੰ ਸ਼ਾਂਤ ਰੱਖਣ ਹਿੱਤ ਅੰਮ੍ਰਿਤ ਵੇਲੇ ਜਪੁਜੀ ਦਾ ਜਾਪ ਕਰਨਾ ਅਤਿਅੰਤ ਆਵੱਸ਼ਕ ਹੈ, ਉਵੇਂ ਹੀ ਸਰੀਰਕ ਸਵਸਥਤਾ ਲਈ ਕਸਰਤ ਕਰਨੀ, ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਣੀਆਂ ਵੀ ਓਨੀਆਂ ਹੀ ਆਵੱਸ਼ਕ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ, ਜ਼ਬਰ ਨੂੰ ਦੇਖਦਿਆਂ ਮੀਰੀ-ਪੀਰੀ ਦੇ ਸਿਧਾਂਤ ਦਾ ਚਲਨ ਆਰੰਭ ਕੀਤਾ ਸੀ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਜਿਵੇਂ ਤੀਰਅੰਦਾਜ਼ੀ, ਘੋੜ ਸਵਾਰੀ, ਤਲਵਾਰਬਾਜ਼ੀ, ਗੱਤਕਾਬਾਜ਼ੀ ਆਦਿ ਦਾ ਅਭਿਆਸ ਕਰਨ ਦੀ ਤਾਕੀਦ ਕੀਤੀ ਸੀ ਤਾਂ ਕਿ ਸਿੱਖ ਭਗਤੀ ਦੇ ਨਾਲ-ਨਾਲ ਮਜ਼ਬੂਤ ਇਰਾਦੇ ਨਾਲ ਜ਼ਾਲਮਾਂ ਦਾ ਹੌਂਸਲੇ ਨਾਲ ਟਾਕਰਾ ਕਰ ਸਕਣ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਜ਼ਾਲਮਾਂ ਨਾਲ ਕਰੜੇ ਹੱਥੀਂ ਨਿਬੜਨ ਲਈ ਸਿੱਖਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਇਨ੍ਹਾਂ ਮਜ਼ਬੂਤ ਕਰ ਦਿੱਤਾ ਕਿ ਹਰ ਕੋਈ ਸਿੰਘਾਂ ਦੇ ਨਾਮ ਤੋਂ ਹੀ ਥਰਥਰਾਂਦਾ ਸੀ। ਗੁਰੂ ਜੀ ਨੇ ਸਿੱਖ ਨੂੰ ਸੰਤ ਸਿਪਾਹੀ ਦਾ ਰੂਪ ਦਿੱਤਾ ਅਤੇ ਫੁਰਮਾਇਆ ਸੀ ਕਿ "ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥" ਸਿੱਖ ਦੇ ਸੰਦਰਭ ਵਿਚ ਇਹ ਸਮਾਂ ਜਿੱਥੇ ਸਿੱਖਾਂ ਲਈ ਔਕੜਾਂ ਭਰਿਆ ਸੀ, ਉਥੇ ਗੁਰੂ ਜੀ ਵੱਲੋਂ ਹਰੇਕ ਸਿੱਖ ਨੂੰ ਗੱਤਕਾ, ਤਲਵਾਰਬਾਜ਼ੀ, ਨੇਜ਼ਾਬਾਜੀ, ਰੱਸਾਕਸ਼ੀ, ਤੀਰ ਅੰਦਾਜ਼ੀ ਜਿਹੀਆਂ ਖੇਡਾਂ ਨਾਲ ਸਰੀਰਕ ਸੁੰਦਰਤਾ ਅਤੇ ਤਕੜੇ ਜੁੱਸੇ ਵਾਲੇ ਦਰਸ਼ਨੀ ਸਿੰਘ ਬਣਾਇਆ। ਅੱਜ ਵੀ ਖ਼ਾਲਸੇ ਦਾ ਸਿਰਜਨਾ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਹਰ ਸਾਲ ਹੋਲਾ ਮਹੱਲਾ ਮਨਾਇਆ ਜਾਂਦਾ ਹੈ, ਜਿਸ ਵਿਚ ਨਿਹੰਗ ਸਿੰਘ ਪੁਰਾਤਨ ਖੇਡਾਂ ਦੇ ਜੌਹਰ ਦਿਖਾਅ ਕੇ ਲੋਕਾਂ ਨੂੰ ਸਰੀਰਕ ਸਵੱਸਥਤਾ ਰੱਖਣ ਦੀ ਯਾਦ ਦਿਵਾਉਂਦੇ ਹਨ।

ਖੇਡਾਂ ਨਾਲ ਆਪਸੀ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਗੁਰਬਾਣੀ ਨਾਲ ਵੀ ਇਸੇ ਤਰ੍ਹਾਂ ਦੀ ਭਾਵਨਾ ਦਾ ਪ੍ਰਚਲਨ ਹੁੰਦਾ ਹੈ ਜੋ ਕਿ ਸਹੀ ਅਰਥਾਂ ਵਿਚ ਸਵਸਥ ਸਮਾਜ ਦੀ ਕੁੰਜੀ ਆਖੀ ਜਾ ਸਕਦੀ ਹੈ। ਪੁਰਾਣੇ ਸਮਿਆਂ ਵਿਚ ਜਦੋਂ ਕੁਝ ਕੁ ਸੌ ਸਿੱਖਾਂ ਦੀ ਫ਼ੌਜ ਦਾ ਮੁਕਾਬਲਾ ਲੱਖਾਂ ਦੀ ਮੁਗ਼ਲਾਂ ਦੀ ਫ਼ੌਜ ਨਾਲ ਹੁੰਦਾ ਸੀ ਤਾਂ ਸਿੰਘਾਂ ਵੱਲੋਂ "ਚੜ੍ਹਦੀ ਕਲਾ" ਨਾਲ ਛੱਡੇ ਜੈਕਾਰਿਆਂ ਕਰਕੇ ਲੱਖਾਂ ਲੋਕ ਇਸ ਮਗਾਲਤੇ ਵਿਚ ਹੀ ਭੱਜ ਜਾਂਦੇ ਸਨ ਕਿ ਪਤਾ ਨਹੀਂ ਅੱਗੇ ਕਿੰਨੀ ਕੁ ਫ਼ੌਜ ਹੈ? ਇਸ ਸਭ ਖੇਡਾਂ ਰਾਹੀਂ ਅਨੁਸ਼ਾਸਨ ਕਾਇਮ ਰੱਖਣ ਅਤੇ ਸਿੱਖ ਵਿਚ ਖੇਡ ਸਿਖਾਂਦਰੂ ਜਿੱਤ ਦੀ ਭਾਵਨਾ ਭਰਨ ਲਈ ਹੀ ਕੀਤਾ ਜਾਂਦਾ ਸੀ।

ਜਿੱਥੇ ਖੇਡਾਂ ਨਾਲ ਸਰੀਰਕ ਬੀਮਾਰੀਆਂ ਵਿਰੁੱਧ ਲੜਨ ਦਾ ਇਰਾਦਾ ਮਜ਼ਬੂਤ ਹੁੰਦਾ ਹੈ, ਉਥੇ ਜਾਪ ਕਰਨ ਨਾਲ ਮਾਨਸਿਕ ਪ੍ਰੇਸ਼ਾਨੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਇਕ ਅਡੋਲ ਮਨ ਹੀ ਸ਼ਾਂਤੀ ਅਤੇ ਆਨੰਦ ਦੇ ਸਮੁੰਦਰ ਵਿਚ ਗੋਤੇ ਲਗਾ ਸਕਦਾ ਹੈ। ਇਸ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਸਿੱਖਾਂ ਦੇ ਪ੍ਰਭਾਵ ਤੇ ਪ੍ਰਬੰਧ ਵਾਲੀਆਂ ਵਿਦਿਅਕ ਸੰਸਥਾਵਾਂ ਵਿਚ ਖੇਡਾਂ ਨੂੰ ਵਿਧੀਵੱਤ ਰੂਪ ਵਿਚ ਅਪਨਾਉਣਾ ਚਾਹੀਦਾ ਹੈ ਤੇ ਇਕ ਸਾਂਝੀ ਖੇਡ ਪਾਲਿਸੀ ਤਿਆਰ ਕਰਨੀ ਚਾਹੀਦੀ ਹੈ, ਜਿਸ ਦੇ ਅੰਤਰਗਤ ਨਿਯਮਤ ਸਮੇਂ ਵਿਚ ਖੇਡਾਂ ਤੇ ਸਿਮਰਨ ਲਈ ਅਭਿਆਸ ਤੇ ਅਭਿਆਸ ਕੇਂਦਰ ਬਣਾਏ ਜਾਣ ਸਿੱਖੀ ਬਾਣੇ ਤੇ ਸੱਭਿਆਚਾਰ ਦਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਇਨਾਮਾਂ ਨਾਲ ਸਨਮਾਨਿਆ ਜਾਵੇ ਅਤੇ ਉਹ ਆਦਰਸ਼-ਵਿਦਿਆਰਥੀਆਂ ਵਾਂਗ ਪੇਸ਼ ਕੀਤੇ ਜਾਣ।

ਅਸੀਂ ਸਮਝਦੇ ਹਾਂ ਕਿ ਜਦ ਸਿਹਤਮੰਦ ਤੇ ਸਿਮਰਨ ਅਭਿਆਸੀ ਖਿਡਾਰੀ ਸੰਜਮ ਨਾਲ ਜੁੜੇਗਾ ਤਾਂ ਨਿਸ਼ਚੈ ਹੀ ਅਸੀਂ ਉਸ ਨੂੰ ਜਪੁਜੀ ਸਾਹਿਬ ਦੇ ਪੰਜਾਂ ਖੰਡਾਂ ਵਾਲੇ ਮਾਰਗ ਵੱਲ ਤੋਰਨ ਵਿਚ ਸਫ਼ਲ ਹੋ ਜਾਵਾਂਗੇ। ਇਸ ਮੁੱਦੇ 'ਤੇ ਵੀ ਦੀਰਘ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਜੇ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਦੀ ਸਿਹਤ, ਉਸ ਦਾ ਉੱਜਲ ਭਵਿੱਖ ਅਤੇ ਉੱਤਮ ਸਿੱਖ ਪਨੀਰੀ ਪੈਦਾ ਕਰਨ ਵਿਚ ਦਿਲਚਸਪੀ ਹੈ ਤਾਂ ਸਾਨੂੰ ਸਭੇ ਨਿੱਜੀ ਮੱਤ ਭੇਦ ਛੱਡ ਕੇ ਇਸ ਲਈ ਕੁਝ ਕਰਨ ਲਈ ਸਿਰ ਜੋੜਨੇ ਹੀ ਪੈਣਗੇ।

## ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

**ਸ਼ੇਅਰ**

1. ਹੁਣ ਚਲਦਾ ਹਾਂ ਮੈਂ ਜੱਲ੍ਹਿਆ, ਮੇਰੀ ਗੱਲ ਨਾ ਜਾਵੀਂ ਵਿਸਾਰ।
2. ਛੱਲਾ ਢਾਈ ਵਰ੍ਹੇ ਤੋਂ ਲੰਘਿਆ, ਦਿਖਾ ਲਿਆ ਮੇਰਾ ਵੀ ਘਰਬਾਰ।
3. ਮਿਲੀਆਂ ਬੇਗ਼ਮਾਂ ਨੇ ਕਈ ਸਾਲਾਂ ਤੋਂ, ਆਪਸੀ ਕਰ ਲੈਣ ਉਹ ਦੀਦਾਰ।
4. ਨਾਲੇ ਰੂਹ ਸੁੰਹ ਮੇਰੇ ਜੀਆਂ ਦੀ, ਹੋਸੀ ਛੱਲੇ ਨਾਲ ਦਿਲਦਾਰ।
5. ਦਿਨ ਜਿੰਨੇ ਮਰਜ਼ੀ ਠਹਿਰਿਉ, ਤੁਸੀਂ ਮੇਰੇ ਵਿੱਚ ਪਰਿਵਾਰ।
6. ਅਸੀਂ ਖਿਦਮਤ ਕਰਨ ਨੂੰ 'ਲਹਿਰੀਆ', ਹਾਂ ਚੱਤੋ ਪਹਿਰ ਤਿਆਰ।

**ਵਿਸਥਾਰ** - ਜੱਲ੍ਹਾ ਆਪਦੇ ਜਿਗਰੀ ਯਾਰ ਮੱਲ੍ਹੇ ਦੀ ਗੱਲ ਨੂੰ ਪੂਰੇ ਗੌਰ ਨਾਲ ਸੁਣਦਾ ਰਿਹਾ। ਜੱਲ੍ਹੇ ਨੇ ਮੱਲ੍ਹੇ ਦੀ ਸਿਫ਼ਤ ਇਸ ਤਰ੍ਹਾਂ ਕੀਤੀ।

**ਸ਼ੇਅਰ**

1. ਸਭ ਪੀੜ ਪ੍ਰਾਈ ਸਮਝੇ ਮੱਲ੍ਹਾ, ਹਰ ਦੁੱਖ ਸੁੱਖ ਦਾ ਹਮਦਰਦੀ।
2. ਕਦੇ ਬੋਲ ਕਬੋਲ ਨਾ ਕਰੇ ਜ਼ੁਬਾਨੋਂ, ਇਹਦੀ ਜੀਭ ਹੈ ਕਲਮਾਂ ਪੜ੍ਹਦੀ।
3. ਇਹੋ ਅੱਲ੍ਹਾ ਪਾਕ ਕੁਰਾਨ ਦੇ, ਇਹ ਜਿੰਦ ਨਿੱਤ ਹਾਜ਼ਰੀ ਭਰਦੀ।
4. ਸੱਚ ਆਖਾਂ ਤੈਨੂੰ 'ਲਹਿਰੀਆ', ਇਹ ਰੂਹ ਅੱਲ੍ਹਾ ਦੇ ਘਰ ਦੀ।

**ਵਿਸਥਾਰ** - ਜੱਲ੍ਹੇ ਨੇ ਆਪਦੀ ਘਰਵਾਲੀ ਨੂੰ ਕਿਹਾ ਛੱਲੇ ਦੀ ਅੰਮੀ ਮੈਨੂੰ ਅੱਜ ਮੇਰਾ ਮਿੱਤਰ ਮੱਲ੍ਹਾ ਮਿਲਿਆ ਸੀ ਤੇ ਉਹ ਵਾਰ-ਵਾਰ ਕਹਿ ਰਿਹਾ ਕਿ ਹੁਣ ਤਾਂ ਛੱਲਾ ਵੀ ਢਾਈ ਸਾਲ ਤੋਂ ਲੰਘ ਗਿਆ ਏ ਤੇ ਹੁਣ ਤੁਸੀਂ ਸਾਰਾ ਪਰਿਵਾਰ ਮੇਰੇ ਘਰ ਕਦੋਂ ਆ ਰਹੇ ਹੋ। ਜੱਲ੍ਹੇ ਦੀ ਘਰਵਾਲੀ ਨੇ ਅੱਗੋਂ ਕਿਹਾ। ਛੱਲੇ ਦੇ ਅੱਬਾ ਤੇ ਫਿਰ ਤੁਸੀਂ ਮੱਲ੍ਹੇ ਨੂੰ ਕੀ ਕਿਹਾ। ਛੱਲੇ ਦੀ ਅੰਮੀ ਮੈਂ ਮੱਲ੍ਹੇ ਨੂੰ ਕਿਹਾ ਅਸੀਂ ਛੇਤੀ ਹੀ ਘਰ ਆਵਾਂਗੇ। ਛੱਲੇ ਦੇ ਅੱਬਾ ਮੱਲ੍ਹਾ ਨੇਕ ਇਨਸਾਨ ਏ ਸੁੱਖ ਨਾਲ ਹੁਣ ਦਿਨ ਵੀ ਸੁਖਾਲੇ ਨੇ ਤੇ ਆਪਾਂ ਆਵਨ ਵਾਲੇ ਜੁੰਮੇ ਵਾਲੇ ਦਿਨ ਚੱਲਾਂਗੇ। ਜੱਲ੍ਹੇ ਨੇ ਕਿਹਾ ਛੱਲੇ ਦੀ ਅੰਮੀ ਮੈਂ ਕੱਲ ਬੇੜੀ ਠੇਲਣ ਜਾਵਾਂਗਾ ਤੇ ਮੱਲ੍ਹੇ ਨੂੰ ਜੁੰਮਾ ਦਿਨ ਆਉਣ ਬਾਰੇ ਦੱਸ ਦਿਆਂਗਾ। ਤੇ ਅੱਗੋਂ ਛੱਲੇ ਦੀ ਅੰਮੀ ਕੀ ਆਖਦੀ ਸੀ।

**ਸ਼ੇਅਰ**

1. ਮੇਰੇ ਦਿਲ ਵਿੱਚ ਰੀਝ ਚਰੌਕਣੀ, ਆਪਾਂ ਚੱਲੀਏ ਮਿਲਣ ਜ਼ਰੂਰ।
2. ਇਥੋਂ ਚਾਰ ਕੋਹ ਪਿੰਡ ਮੱਲ੍ਹੇ ਦਾ, ਕੋਈ ਬਹੁਤਾ ਨਹੀਂ ਜੇ ਦੂਰ।
3. ਵਸਦੇ ਘਰਾਂ 'ਚ ਆਉਂਦੇ ਜਾਂਦੇ ਨੇ, ਹੈ ਜਗਤ ਦਾ ਇਹ ਦਸਤੂਰ।
4. ਇਥੇ ਨਹੀਂ ਸ਼ਰੀਕਾ 'ਲਹਿਰੀਆ', ਇਹੋ ਆਪਣੇ ਬੱਸ ਹਜ਼ੂਰ।

**ਵਿਸਥਾਰ** - ਜੱਲ੍ਹਾ ਅਗਲੇ ਦਿਨ ਪੱਤਣ ਤੇ ਬੇੜੀ ਠੇਲਣ ਗਿਆ ਤਾਂ ਮੱਲ੍ਹਾ ਬੇੜੀ ਦਾ ਪੂਰ ਲੈ ਕੇ ਪਾਰ ਕਿਨਾਰੇ ਗਿਆ ਹੋਇਆ ਸੀ। ਮੱਲ੍ਹਾ ਜਦੋਂ ਵਾਪਸ ਪੱਤਣ ਤੇ ਪਹੁੰਚਿਆ ਤਾਂ ਜੱਲ੍ਹੇ ਨੂੰ ਵੇਖ ਕੇ ਖੁਸ਼ ਹੋਇਆ ਤੇ ਆਖਦਾ-

**ਸ਼ੇਅਰ**

1. ਮੇਰੇ ਆ ਉਏ ਯਾਰ ਅਨੋਖੜੇ, ਤੈਨੂੰ ਘੁੱਟ-ਘੁੱਟ ਕਰਾਂ ਪਿਆਰ।
2. ਤੂੰ ਹੈਂਅ ਕਿਹੜੇ ਕੰਮੀ ਰੁੱਝਿਆ, ਪੱਤਣ ਆਇਆ ਨਹੀਂ ਦਿਨ ਚਾਰ।
3. ਜੇ ਤੂੰ ਅੱਜ ਨਾ ਆਉਂਦਾ ਮਿੱਤਰਾ, ਮੈਂ ਘਰ ਤੇਰੇ ਆ ਜਾਨਾਂ ਸੀ ਯਾਰ।

4. ਤੈਨੂੰ ਅੱਖੀਂ ਤੱਕਿਆ 'ਲਹਿਰੀ', ਆ ਗਈ ਪੱਤਣ ਨਵੀਂ ਬਹਾਰ।

**ਵਿਸਥਾਰ** - ਮੱਲ੍ਹਾ ਜੱਲ੍ਹੇ ਨੂੰ ਗਲਵਕੜੀ ਪਾ ਕੇ ਮਿਲਿਆ ਤਾਂ ਜੱਲ੍ਹੇ ਨੇ ਕਿਹਾ ਮੱਲ੍ਹਿਆ ਤੈਨੂੰ ਇੱਕ ਖੁਸ਼ਖ਼ਬਰੀ ਸੁਣਾਉਂਦਾ ਹਾਂ। ਮੱਲ੍ਹੇ ਨੇ ਕਿਹਾ ਛੇਤੀ-ਛੇਤੀ ਦੱਸ। ਜੱਲ੍ਹਾ ਕੀ ਦੱਸਦਾ ਏ।

**ਸ਼ੇਅਰ**

1. ਰੁਕਸਤ ਹੋਣਾ ਜੁੰਮੇ ਦਿਨ ਨੂੰ, ਜਿਸ ਘਰ ਤੇਰੇ ਰਹਿਣ ਬਸੇਰੇ।
2. ਆਪਣੀ ਮਰਜ਼ੀ ਆਏ ਹਾਂ ਮੱਲ੍ਹਿਆ, ਮੁੜਨਾਂ ਮਰਜ਼ੀ ਨਾਲ ਮੈਂ ਤੇਰੇ।
3. ਇੰਨਸ਼ਾਲਾ ਰੱਬ ਐਦਾਂ ਕਰਸੀ, ਸਾਡੇ ਯਾਦ ਰਹਿਣ ਸਦਾ ਫੇਰੇ।
4. ਥੋੜ੍ਹੇ ਦਿਨ ਤੋਂ ਕਹੇ ਨਾ 'ਲਹਿਰੀ', ਬਾਈ ਤੂੰ ਇਥੇ ਲਾ ਲਏ ਡੇਰੇ।

**ਵਿਸਥਾਰ** - ਮੱਲ੍ਹਾ, ਜੱਲ੍ਹੇ ਦੀ ਜ਼ੁਬਾਨੋ ਆਪਦੇ ਘਰ ਆਉਣ ਲਈ ਸੁਣ ਕੇ ਬਹੁਤ ਰਾਜ਼ੀ ਹੋਇਆ। ਚਾਵਾਂ ਨਾਲ ਭਰਿਆ ਮੱਲ੍ਹਾ ਕੀ ਆਖ ਰਿਹਾ ਏ।

**ਸ਼ੇਅਰ**

1. ਜੀ ਆਇਆ ਨੂੰ ਘਰ ਮੇਰੇ ਜੱਲ੍ਹਿਆ, ਦੂਣ ਸਵਾਇਆ ਮੇਰਾ ਮਾਣ।
2. ਜਦ ਜੀਅ ਭਰ-ਭਰ ਗੱਲਾਂ ਕੀਤੀਆਂ, ਖੁਸ਼ ਹੋਸਣ ਨੈਣ ਪ੍ਰਾਣ।
3. ਲੈਲਣ ਵੇਲੇ ਕਥਾ ਕਹਾਣੀਆਂ, ਕੁਝ ਚਿਰ ਛਿੜੂ ਗੀਤਾਂ ਦੀ ਤਾਣ।
4. ਤਾਂ ਫਿਰ ਖੁਸ਼ੀ ਸਵਾਈ ਹੋਂਵਦੀ, ਜਦ ਲੱਗੇ ਬੁਝਾਰਤਾਂ ਪਾਣ।
5. ਸੌਣਾ ਉੱਠਣਾ ਆਪਦੀ ਮਰਜ਼ੀ ਦਾ, ਨਹੀਂ ਰੱਖਣੀ ਕਿਸੇ ਦੀ ਕਾਣ।
6. ਕੱਲੇ ਕਦੇ ਨਾ ਖੇਡਾਂ ਜਿੱਤਿਆ, ਬਣਦੀ ਮਿੱਤਰਾਂ ਨਾਲ ਪਛਾਣ।
7. ਉਹ ਮਤਬਲ ਖੋਰੀ ਹੁੰਦੇ ਨੇ, ਸੱਜਣ ਵੇਖ ਕੇ ਜੋ ਕਤਰਾਣ।
8. ਉਹ ਤਾਂ ਜੂਠ ਕਦੇ ਨਹੀਂ ਮੰਨਦੇ, ਜੋ ਇੱਕ ਥਾਲੀ ਰੋਟੀ ਖਾਣ।
9. ਉਹ ਚੋਧਰ ਏ ਕਿਸ ਕੰਮ ਦੀ, ਘਰ ਦੇ ਘਰੋਂ ਦੇਣ ਨਾ ਜਾਣ।
10. ਸਮਾਂ ਹੁੰਦੇ ਗਦਗਦ 'ਲਹਿਰੀਆ', ਸੱਜਣ ਸੱਜਣਾਂ ਕੋਲੋਂ ਜਾਣ।

**ਵਿਸਥਾਰ** - ਜੱਲ੍ਹੇ ਤੇ ਮੱਲ੍ਹੇ ਦੀ ਗੱਲਬਾਤ ਚੱਲ ਹੀ ਰਹੀ ਸੀ ਤਾਂ ਉੱਤੋਂ ਸਵਾਰੀਆਂ ਆ ਕੇ ਕਹਿਣ ਲੱਗੀਆਂ। ਜੱਲ੍ਹਿਆ ਅਸੀਂ ਪਾਰ ਕਿਨਾਰੇ ਜਾਣਾ ਹੈ। ਤੇ ਸਾਨੂੰ ਛੱਡ ਕੇ ਆ। ਜੱਲ੍ਹੇ ਨੇ ਕਿਹਾ ਤੁਸੀਂ ਬੇੜੀ ਵਿੱਚ ਬੈਠੋ ਮੈਂ ਆਪਦੇ ਮਿੱਤਰ ਮੱਲ੍ਹੇ ਨੂੰ ਵੀ ਲੈ ਕੇ ਆਉਂਦਾ ਹਾਂ। ਜੱਲ੍ਹਾ ਮੱਲ੍ਹੇ ਨੂੰ ਆਪਦੇ ਨਾਲ ਜਾਣ ਲਈ ਇਸ ਤਰ੍ਹਾਂ ਆਖਦਾ ਸੀ।

**ਸ਼ੇਅਰ**

1. ਰਲ ਕੇ ਚੱਲੀਏ ਆਪਾਂ ਮੱਲ੍ਹਿਆ, ਸਵਾਰੀ ਛੱਡਣ ਪੱਤਣੋਂ ਪਾਰ।
2. ਪਹਿਲੀ ਵਾਰੀ ਆਪਾਂ ਚੱਲਣਾ, ਹੋ ਇੱਕ ਬੇੜੀ ਦੇ ਅਸਵਾਰ।
3. ਉੱਥੇ ਨਹੀਂ ਸਵਾਰੀ ਉਡੀਕਣੀ, ਬੇੜੀ ਰੱਖਣੀ ਨਹੀਂ ਖਲਿਆਰ।
4. ਮੁੜਦੇ ਗੱਲੀਂ ਬਾਤੀਂ ਸੋਹਣਿਆ, 'ਲਹਿਰੀ' ਆ ਜਾਸਾਂ ਉਰਾਰ।

**ਵਿਸਥਾਰ** - ਮੱਲ੍ਹਾ ਜੱਲ੍ਹੇ ਦੇ ਆਖੇ ਲੱਗ ਗਿਆ ਦੋਵੇਂ ਮਿੱਤਰ ਇੱਕ ਬੇੜੀ ਵਿੱਚ ਅਸਵਾਰ ਹੋ ਕੇ ਬੇੜੀ ਨੂੰ ਠੇਲ ਲਿਆ। ਪਾਰ ਕਿਨਾਰੇ ਸਵਾਰੀਆਂ ਲਾਹ ਕੇ ਵਾਪਸ ਆਉਂਦੇ ਹੋਇਆ ਦੇ ਸੁਆਲ-ਜੁਆਬ ਕੀ ਸਨ। (ਚਲਦਾ)

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਪੰਜਾਬ ਰਾਜ ਵਿਚ ਸਰਪੰਚ ਬਣਨ ਲਈ ਘੱਟੋ ਘੱਟ ਕਿੰਨੀ ਉਮਰ ਹੋਣੀ ਚਾਹੀਦੀ ਹੈ?

| | | |
|---|---|---|
| (ੳ) 25 ਸਾਲ | (ਅ) 21 ਸਾਲ | |
| (ੲ) 18 ਸਾਲ | (ਸ) 30 ਸਾਲ | (ਅ) |

2. ਪੰਜਾਬ ਵਿਚ ਜਨਮ ਮੌਤ ਰਜਿਸਟਰੇਸ਼ਨ ਐਕਟ ਕਦੋਂ ਲਾਗੂ ਕੀਤਾ ਗਿਆ?

| | | |
|---|---|---|
| (ੳ) 1969 ਈ. | (ਅ) 1970 ਈ. | |
| (ੲ) 1972 ਈ. | (ਸ) 1968 ਈ. | (ਅ) |

3. ਪੰਜਾਬ ਵਿਧਾਨ ਸਭਾ ਦੇ ਕਿੰਨੇ ਸਦਨ ਹਨ?

| | | |
|---|---|---|
| (ੳ) ਇੱਕ | (ਅ) ਪੰਜ | |
| (ੲ) ਦੋ | (ਸ) ਤਿੰਨ | (ੳ) |

4. ਪੰਜਾਬ ਵਿਚ ਜਨਮ ਮੌਤ ਦਾ ਮੁੱਖ ਰਜਿਸਟਰਾਰ ਕੌਣ ਹੁੰਦਾ ਹੈ?

| | | |
|---|---|---|
| (ੳ) ਚੀਫ਼ ਮੈਡੀਕਲ ਅਫ਼ਸਰ | (ਅ) ਸੈਕਟਰੀ ਸਿਹਤ | |
| (ੲ) ਡਾਇਰੈਕਟਰ, ਸਿਹਤ ਵਿਭਾਗ | (ਸ) ਜ਼ਿਲ੍ਹਾ ਮੈਡੀਕਲ ਅਫ਼ਸਰ | (ੲ) |

5. ਪੰਜਾਬ ਵਿੱਚੋਂ ਰਾਜ ਸਭਾ ਲਈ ਕਿੰਨੇ ਮੈਂਬਰ ਚੁਣੇ ਜਾਂਦੇ ਹਨ?

| | | |
|---|---|---|
| (ੳ) 13 | (ਅ) 7 | |
| (ੲ) 117 | (ਸ) 22 | (ਅ) |

6. ਪੰਜਾਬ ਵਿੱਚੋਂ ਲੋਕ ਸਭਾ ਲਈ ਐੱਸ.ਸੀ. ਲਈ ਕਿੰਨੀਆਂ ਸੀਟਾਂ ਰਾਖਵੀਆਂ ਹਨ?

| | | |
|---|---|---|
| (ੳ) 03 | (ਅ) 04 | |
| (ੲ) 05 | (ਸ) 06 | (ੳ) |

7. ਪੰਜਾਬ ਤੇ ਹਰਿਆਨਾ ਹਾਈਕੋਰਟ ਦੀ ਸਥਾਪਨਾ ਕਦੋਂ ਕੀਤੀ ਗਈ?

| | | |
|---|---|---|
| (ੳ) 1975 ਈ. | (ਅ) 1972 ਈ. | |
| (ੲ) 1966 ਈ. | (ਸ) 1956 ਈ. | (ੲ) |

8. ਪੰਜਾਬ ਹਾਈਕੋਰਟ ਦਾ ਡਿਜ਼ਾਇਨ ਕਿਸ ਨੇ ਤਿਆਰ ਕੀਤਾ?

| | | |
|---|---|---|
| (ੳ) ਅਰੁਣ ਲੂੰਬਾ | (ਅ) ਲੀ ਕੋਰਬੁਸ਼ੀਅਰ | |
| (ੲ) ਮੈਥਿਉ ਜਾਰ | (ਸ) ਮਾਈਕਲ ਜਾਨ | |

9. ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਹਾਈਕੋਰਟ ਕਿੱਥੇ ਸਥਾਪਿਤ ਕੀਤੀ ਗਈ?

| | | |
|---|---|---|
| (ੳ) ਚੰਡੀਗੜ੍ਹ | (ਅ) ਸ਼ਿਮਲਾ | |
| (ੲ) ਅੰਬਾਲਾ | (ਸ) ਜਲੰਧਰ | (ਅ) |

10. ਪੰਜਾਬ ਹਾਈਕੋਰਟ ਦਾ ਉਦਘਾਟਨ ਕਿਸ ਨੇ ਕੀਤਾ ਸੀ?

| | | |
|---|---|---|
| (ੳ) ਪੰਡਿਤ ਜਵਾਹਰ ਲਾਲ ਨਹਿਰੂ | (ਅ) ਲਾਲ ਬਹਾਦਰ ਸ਼ਾਸਤਰੀ | |
| (ੲ) ਇੰਦਰਾ ਗਾਂਧੀ | (ਹ) ਬਾਬਾ ਭੀਮ ਰਾਉ ਅੰਬੇਡਕਰ | (ੳ) |

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# ਭੱਠੀਆਂ

ਹਰਕੇਸ਼ ਸਿੰਘ ਕਹਿਲ

**“ਆਮ ਤੌਰ ਤੇ ਭੱਠੀ ਝਿਉਰਾਂ ਦੇ ਘਰ ਦੇ ਮੂਹਰੇ ਹੀ ਪਾਈ ਹੁੰਦੀ ਸੀ। ਧਰਤੀ ਵਿਚੋਂ ਮਿੱਟੀ ਪੱਟ ਕੇ ਭੱਠੀ ਪੱਟੀ ਜਾਂਦੀ ਸੀ। ਭੱਠੀ ਦੇ ਪਿਛਲੇ ਹਿੱਸੇ ਵਿਚ ਧੂੰਆਂ ਨਿਕਲਣ ਖਾਤਰ ਥੋੜਾ ਜਿਹਾ ਮੋਰਾ ਰੱਖਿਆ ਹੁੰਦਾ ਸੀ। ਪੱਟੀ ਭੱਠੀ ਨੂੰ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਸੀ। ਏਸੇ ਤਰ੍ਹਾਂ ਝਿਉਰੀ ਜਿਥੇ ਬੈਠ ਕੇ ਦਾਣੇ ਭੁੰਨਦੀ ਹੁੰਦੀ ਸੀ, ਜਿਥੇ ਦਾਣੇ ਭੁੰਨਾਉਣ ਵਾਲੇ ਆ ਕੇ ਬੈਠਦੇ ਹੁੰਦੇ ਸਨ। ਉਸ ਜਗ੍ਹਾ ਨੂੰ ਵੀ ਚੰਗੀ ਤਰ੍ਹਾਂ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਹੁੰਦਾ ਸੀ। ਤੂੜੀ ਮਿੱਟੀ ਦੇ ਉੱਪਰ ਫੇਰ ਪੀਲੀ ਮਿੱਟੀ ਵਿਚ ਗੋਹਾ ਮਿਲਾ ਕੇ ਫੇਰਿਆ ਜਾਂਦਾ ਸੀ ਤਾਂ ਜੋ ਬੈਠਣ ਵਾਲੀ ਥਾਂ ਸਾਫ ਸੁਥਰੀ ਲੱਗੇ। ਭੱਠੀ ਉੱਪਰ ਦਾਣੇ ਭੁੰਨਣ ਲਈ ਕੜਾਹੀ ਰੱਖੀ ਜਾਂਦੀ ਸੀ। ਭੱਠੀ ਵਿਚ ਸੁੱਕੀ ਗਾਹ, ਫੂਸ, ਕਾਹੀ, ਸਲਵਾੜ ਦਾ ਲੋਕ-ਝਿਉਰੀ ਦੇ ਪਰਿਵਾਰ ਦਾ ਕੋਈ ਮੈਂਬਰ ਲਾਉਂਦਾ ਹੁੰਦਾ ਸੀ। ਆਮ ਤੌਰ ’ਤੇ ਇਹ ਝੋਕਾ ਪਰਿਵਾਰ ਦੇ ਬੁੜਾ ਬੁੜੀ ਹੀ ਲਾਉਂਦੇ ਹੁੰਦੇ ਸਨ।”**

ਕੋਈ ਸਮਾਂ ਸੀ ਜਦ ਪਿੰਡਾਂ ਵਿਚ ਕਈ ਕਈ ਭੱਠੀਆਂ ਹੁੰਦੀਆਂ ਸਨ। ਭੱਠੀਆਂ ਸ਼ਾਮ ਨੂੰ ਤਪਾਈਆਂ ਜਾਂਦੀਆਂ ਸਨ। ਦਾਣੇ ਭੁੰਨਾਉਣ ਵਾਲੇ ਮੁੰਡੇ ਕੁੜੀਆਂ ਦਾ ਝੁਰਮਟ ਇਨ੍ਹਾਂ ਭੱਠੀਆਂ ਦੁਆਲੇ ਲੱਗਿਆ ਰਹਿੰਦਾ ਸੀ। ਸਿਆਲ ਦੀਆਂ ਲੰਮੀਆਂ ਠੰਡੀਆਂ ਰਾਤਾਂ ਨੂੰ ਇਨ੍ਹਾਂ ਭੱਠੀਆਂ ਦੀ ਠੰਡੀ ਹੋ ਰਹੀ ਅੱਗ ਦੁਆਲੇ ਮੁੰਡਿਆਂ ਦੀਆਂ ਢਾਣੀਆਂ ਅੱਧੀ ਅੱਧੀ ਰਾਤ ਤੱਕ ਪਿੰਡ ਦੇ ਭਖਦੇ ਮਸਲਿਆਂ ਤੇ ਚੁੰਜ ਚਰਚਾ ਕਰਦੀਆਂ ਰਹਿੰਦੀਆਂ ਹੁੰਦੀਆਂ ਸਨ। ਇਨ੍ਹਾਂ ਢਾਣੀਆਂ ਵਿਚ ਗੱਭਰੂ ਤੇ ਵਿਸ਼ੇਸ਼ ਤੌਰ ’ਤੇ ਵਿਆਹੋਂ ਖੁੰਜੇ ਛੜੇ ਰਹੇ ਮੁੰਡੇ ਜ਼ਿਆਦਾ ਹੁੰਦੇ ਸਨ। ਛੜੇ ਆਪਣੇ ਵਿਆਹ ਕਰਵਾਉਣ ਦੀਆਂ ਜੁਗਤਾਂ, ਦਲੀਲਾਂ ਵੀ ਇਨ੍ਹਾਂ ਭੱਠੀਆਂ ਤੇ ਕਰਦੇ ਰਹਿੰਦੇ ਹੁੰਦੇ ਸਨ–

**ਛੜੇ ਬੈਠ ਕੇ ਦਲੀਲਾਂ ਕਰਦੇ,**
**ਵਿਆਹ ਕਰਵਾਉਣ ਦੀਆਂ।**

ਇਹ ਭੱਠੀਆਂ ਆਸ਼ਕਾਂ ਦੇ ਮਿਲਣ ਸਥਾਨ ਵੀ ਬਣਦੀਆਂ ਹੁੰਦੀਆਂ ਸਨ–

**ਤਿੰਨ ਥਾਂ ਆਸ਼ਕਾਂ ਦੇ,**
**ਹੱਟੀ, ਭੱਠੀ ਤੇ ਦਰਵਾਜ਼ਾ।**



ਉਨ੍ਹਾਂ ਸਮਿਆਂ ਵਿਚ ਹਰ ਘਰ ਸ਼ਾਮ ਨੂੰ ਦਾਣੇ ਭੁੰਨਾਉਂਦਾ ਹੁੰਦਾ ਸੀ। ਆਮ ਤੌਰ ਤੇ ਰੋਟੀ ਸਵੇਰੇ ਅਤੇ ਰਾਤ ਨੂੰ ਬਣਾਈ ਜਾਂਦੀ ਹੁੰਦੀ ਸੀ। ਚਾਹ ਅਜੇ ਪਿੰਡਾਂ ਵਿਚ ਪੁਹੰਚੀ ਨਹੀਂ ਸੀ। ਸ਼ਾਮ ਨੂੰ ਕਾੜ੍ਹਨੀ ਦਾ ਕੜ੍ਹਿਆ ਹੋਇਆ ਦੁੱਧ ਪੀਣ ਦਾ ਰਿਵਾਜ਼ ਸੀ। ਸ਼ਾਮ ਨੂੰ ਦਾਣੇ ਦੱਬਣਾ ਖੁਰਾਕ ਦਾ

ਇਕ ਹਿੱਸਾ ਹੁੰਦਾ ਸੀ। ਦਾਣੇ ਜ਼ਿਆਦਾ ਛੋਲਿਆਂ ਅਤੇ ਮੱਕੀ ਦੇ ਭੁੰਨਾਏ ਜਾਂਦੇ ਹੁੰਦੇ ਸਨ। ਉਨ੍ਹਾਂ ਸਮਿਆਂ ਵਿਚ ਜ਼ਮੀਨਾਂ ਜ਼ਿਆਦਾ ਮਾਰੂ ਹੁੰਦੀਆਂ ਸਨ, ਏਸ ਕਰਕੇ ਛੋਲਿਆਂ ਦੇ ਦਾਣੇ ਮੱਕੀ ਨਾਲੋਂ ਜ਼ਿਆਦਾ ਭੁੰਨਾਏ ਜਾਂਦੇ ਸਨ। ਕਣਕ, ਜੌਂ ਤੇ ਜੁਆਰ ਦੇ ਦਾਣਿਆਂ ਨੂੰ ਭੁੰਨਾ ਕੇ ਵਿਚ ਗੁੜ ਕੁੱਟ ਕੇ ਪਿੰਨੀਆਂ ਬਣਾਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਕਈ ਕਈ ਦਿਨ ਖਾਂਦੇ ਰਹਿੰਦੇ ਹੁੰਦੇ ਸੀ।

ਝਿਉਰਾਂ ਦਾ ਮੁੱਖ ਕਿੱਤਾ ਦਾਣੇ ਭੁੰਨਣੇ, ਘਰਾਂ ਵਿਚ ਘੜਿਆਂ ਰਾਹੀਂ ਪਾਣੀ ਭਰਨਾ ਤੇ ਵਿਆਹ ਸ਼ਾਦੀਆਂ ਵਿਚ ਕੰਮ ਕਰਨਾ ਹੁੰਦਾ ਸੀ। ਦਾਣੇ ਭੁੰਨਣ ਨਾਲ ਉਨ੍ਹਾਂ ਦੀ ਨਿੱਤ ਜਿਨਸ ਰੂਪ ਵਿ ਕਮਾਈ ਵੀ ਹੁੰਦੀ ਸੀ। ਜਿਸ ਦੇ ਦਾਣੇ ਭੁੰਨੇ ਜਾਂਦੇ ਸਨ, ਉਨ੍ਹਾਂ ਦੇ ਦਾਣਿਆਂ ਵਿਚੋਂ ਕੜਾਹੀ ਵਿਚ ਪਾਉਣ ਸਮੇਂ ਹੱਥ ਅੱਗੇ ਕਰ ਕੇ ਦਾਣੇ ਭੁੰਨਣ ਵਾਲੀ ਚੁੰਗ ਕੱਢਦੀ ਹੁੰਦੀ ਸੀ।

ਅੱਜ ਦੀ ਪੀੜ੍ਹੀ, ਚੁੰਗ ਕਿਸ ਨੂੰ ਕਹਿੰਦੇ ਸਨ, ਇਹ ਵੀ ਨਹੀਂ ਜਾਣਦੀ? ਕੜਾਹੀ ਵਿਚ ਦਾਣੇ ਪਾਉਣ ਸਮੇਂ ਹੱਥ ਅੱਗੇ ਕਰ ਕੇ ਜਿੰਨੇ ਦਾਣੇ ਹੱਥ ਦੀ ਲੱਪ ਵਿਚ ਆ ਜਾਂਦੇ ਹੁੰਦੇ ਸਨ, ਉਸ ਨੂੰ ਚੁੰਗ ਕੱਢਣੀ ਕਹਿੰਦੇ ਹੁੰਦੇ ਸਨ। ਦਾਣੇ ਭੁੰਨਣ ਸਮੇਂ ਕੜਾਹੀ ਵਿਚ ਜਾਤੀ ਫੇਰਨ ਵੇਲੇ ਜਿੰਨੇ ਦਾਣੇ ਕੜਾਹੀ ਤੋਂ ਬਾਹਰ ਡਿੱਗਦੇ ਹੁੰਦੇ ਸਨ, ਉਹ ਵੀ ਭੱਠੀ ਵਾਲੀ ਦੇ ਹੁੰਦੇ ਸਨ। ਸੁੱਕੀ ਮੱਕੀ ਦੇ ਦਾਣੇ ਭੁੰਨਾਉਣ ਸਮੇਂ ਮੱਕੀ ਦੀਆਂ ਖਿਲਾਂ ਹੋ ਕੇ ਬਾਹਰ ਬਹੁਤ ਡਿੱਗਦੀਆਂ ਹੁੰਦੀਆਂ ਸਨ। ਦਾਣੇ ਚੱਬਣ ਨਾਲ ਦੰਦ ਵੀ ਮਜ਼ਬੂਤ ਹੁੰਦੇ ਸਨ। ਕਈ ਵੇਰ ਰੋਟੀ ਦਾ ਮਸਲਾ ਵੀ ਦਾਣੇ ਚੱਬ ਕੇ ਹੱਲ ਕਰਨ ਲਈ ਕਿਹਾ ਜਾਂਦਾ ਹੁੰਦਾ ਸੀ–

**ਦਾਣੇ ਚੱਬ ਲੈ ਪਤੀਲੇ ਦਿਆਂ ਢੱਕਣਾ,**
**ਰੋਟੀ ਮੇਰਾ ਯਾਰ ਖਾ ਗਿਆ।**

ਪੰਜਾਬੀ ਦੇ ਬ੍ਰਿਹੋਂ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਆਪਣੇ ਇਕ ਗੀਤ ਵਿਚ ਭੱਠੀ ਵਾਲੀ ਨੂੰ ਮੁਖਾਤਬ ਹੋ ਕੇ ਲਿਖਦਾ ਹੈ–

**ਭੱਠੀ ਵਾਲੀਏ, ਚੰਬੇ ਦੀਏ ਡਾਲੀਏ,**
**ਪੀੜਾਂ ਦਾ ਪਰਾਗਾ ਭੁੰਨ ਦੇ।**

ਉਨ੍ਹਾਂ ਸਮਿਆਂ ਵਿਚ ਲੋਕੀਂ ਪੈਦਲ ਸਫਰ ਕਰਦੇ ਹੁੰਦੇ ਸਨ। ਕੱਚੇ ਰਾਹ ਹੁੰਦੇ ਸਨ। ਖੂਹ ਵੀ ਘੱਟ ਹੁੰਦੇ ਸਨ। ਗਰਮੀ ਦੇ ਮੌਸਮ ਵਿਚ ਰਾਹੀ ਪਾਂਧੀਆਂ ਲਈ ਲੋਕ ਪਿਆਉਂ ਲਾਉਂਦੇ ਹੁੰਦੇ ਸਨ, ਜਿਥੇ ਰਾਹੀ ਪਾਂਧੀਆਂ ਨੂੰ ਪਾਣੀ ਪਿਉਣ ਦੇ ਨਾਲ ਛੋਲਿਆਂ ਦੇ ਭੁੱਜੇ ਹੋਏ ਦਾਣੇ ਵੀ ਖਾਣ ਨੂੰ ਦਿੱਤੇ ਜਾਂਦੇ ਹੁੰਦੇ ਸਨ। ਜਿਹੜਾ ਭੱਠੀ ਤੇ ਪਹਿਲਾਂ ਪਹੁੰਚਦਾ ਹੁੰਦਾ ਸੀ, ਉਸ ਦੇ ਦਾਣੇ ਪਹਿਲਾਂ ਭੁੰਨੇ ਜਾਂਦੇ ਸਨ। ਕਈ ਵੇਰ ਲੇਟ ਆ ਕੇ ਤੇਜੀ ਕਰਨ ਵਾਲਿਆਂ ਨਾਲ ਤਲਖ ਕਲਾਮੀ ਵੀ ਹੋ ਜਾਂਦੀ ਸੀ–

**ਰਾਹ ਵਿਚ ਤੇਰੀ ਭੱਠੀ ਮਹਿਰੀਏ,**
**ਠੱਗੀ ਦੇ ਤੰਬੂ ਤਾਣੇ।**
**ਮਗਰੋਂ ਆਇਆਂ ਦੇ ਪਹਿਲੇ ਭੁੰਨਦੀ,**
**ਕਰਦੀ ਦਿਲ ਦੇ ਭਾਣੇ।**
**ਕਿਸੇ ਦੀ ਮੱਕੀ, ਕਿਸੇ ਦੇ ਛੋਲੇ,**
**ਸਾਡੇ ਤਾਂ ਮੋਠ ਪੁਰਾਣੇ।**
**ਲੱਤ ਮਾਰ ਤੇਰੀ ਭੱਠੀ ਢਾਹਦਿਆਂ,**
**ਰੇਤ ਰਲਾ ਦਿਆ ਦਾਣੇ।**
**ਕੈਦਾਂ ਉਮਰ ਦੀਆਂ,**
**ਕੰਤ ਜਿਨ੍ਹਾਂ ਦੇ ਨਿਆਣੇ।**

ਦਿਉਰ ਤੇ ਭਰਜਾਈ ਦਾ ਰਿਸ਼ਤਾ ਬੜੇ ਲਾਡ ਪਿਆਰ ਦਾ ਰਿਸ਼ਤਾ ਹੁੰਦਾ ਸੀ। ਕਈ ਵਾਰ ਭਰਜਾਈ ਆਪਣੇ ਦਿਉਰ ਨੂੰ ਖੋਟੀਆਂ ਖਰੀਆਂ ਸੁਣਾਕੇ ਦਾਣੇ ਚੱਬਣ ਕੀ ਸੁਲ੍ਹਾ ਵੀ ਮਾਰਦੀ ਹੁੰਦੀ ਸੀ–

**ਆ ਜਾ ਬਹਿਕੇ ਦਾਣੇ ਚੱਬੀਏ,**
**ਭੁੱਖੇ ਨੰਗਿਆ ਬੇਸ਼ਰਮਾ ਦਿਉਰਾ।**

ਹੁਣ ਮੈਂ ਤੁਹਾਨੂੰ ਭੱਠੀ ਦੀ ਬਣਤਰ ਬਾਰੇ ਦੱਸਣ ਜਾ ਰਿਹਾ ਹਾਂ।

ਆਮ ਤੌਰ ਤੇ ਭੱਠੀ ਝਿਉਰਾਂ ਦੇ ਘਰ ਦੇ ਮੂਹਰੇ ਹੀ ਪਾਈ ਹੁੰਦੀ ਸੀ। ਧਰਤੀ ਵਿਚੋਂ ਮਿੱਟੀ ਪੱਟ ਕੇ ਭੱਠੀ ਪੱਟੀ ਜਾਂਦੀ ਸੀ। ਭੱਠੀ ਦੇ ਪਿਛਲੇ ਹਿੱਸੇ ਵਿਚ ਧੂੰਆਂ ਨਿਕਲਣ ਖਾਤਰ ਥੋੜ੍ਹਾ ਜਿਹਾ ਮੋਰਾ ਰੱਖਿਆ ਹੁੰਦਾ ਸੀ। ਪੱਟੀ ਭੱਠੀ ਨੂੰ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਸੀ। ਏਸੇ ਤਰ੍ਹਾਂ ਝਿਉਰੀ ਜਿਥੇ ਬੈਠ ਕੇ ਦਾਣੇ ਭੁੰਨਦੀ ਹੁੰਦੀ ਸੀ, ਜਿਥੇ ਦਾਣੇ ਭੁੰਨਾਉਣ ਵਾਲੇ ਆ ਕੇ ਬੈਠਦੇ ਹੁੰਦੇ ਸਨ। ਉਸ ਜਗ੍ਹਾ ਨੂੰ ਵੀ ਚੰਗੀ ਤਰ੍ਹਾਂ ਤੂੜੀ ਮਿੱਟੀ ਨਾਲ ਲਿੱਪਿਆ ਜਾਂਦਾ ਹੁੰਦਾ ਸੀ। ਤੂੜੀ ਮਿੱਟੀ ਦੇ ਉੱਪਰ ਫੇਰ ਪੀਲੀ ਮਿੱਟੀ ਵਿਚ ਗੋਹਾ ਮਿਲਾ ਕੇ ਫੇਰਿਆ ਜਾਂਦਾ ਸੀ ਤਾਂ ਜੋ ਬੈਠਣ ਵਾਲੀ ਥਾਂ ਸਾਫ ਸੁਥਰੀ ਲੱਗੇ।

ਭੱਠੀ ਉੱਪਰ ਦਾਣੇ ਭੁੰਨਣ ਲਈ ਕੜਾਹੀ ਰੱਖੀ ਜਾਂਦੀ ਸੀ। ਭੱਠੀ ਵਿਚ ਸੁੱਕੀ ਗਾਹ, ਫੂਸ, ਕਾਹੀ, ਸਲਵਾੜ ਦਾ ਲੋਕ-ਝਿਉਰੀ ਦੇ ਪਰਿਵਾਰ ਦਾ ਕੋਈ ਮੈਂਬਰ ਲਾਉਂਦਾ ਹੁੰਦਾ ਸੀ। ਆਮ ਤੌਰ 'ਤੇ ਇਹ ਝੋਕਾ ਪਰਿਵਾਰ ਦੇ ਬੁੜਾ ਬੁੜੀ ਹੀ ਲਾਉਂਦੇ ਹੁੰਦੇ ਸਨ। ਕੜਾਹੀ ਵਿਚ ਕੱਕਾ ਰੇਤਾ ਪਾਇਆ ਜਾਂਦਾ ਸੀ। ਬਾਲਣ ਦੇ ਝੌਂਕੇ ਨਾਲ ਰੇਤਾ ਗਰਮ ਹੋ ਜਾਂਦਾ ਸੀ। ਫੇਰ ਝਿਉਰੀ ਆਪਣੇ ਛਾਲਣੇ ਵਿਚ ਦਾਣੇ ਪਵਾਉਣੀ ਹੁੰਦੀ ਸੀ।

ਛਾਲਣੀ ਵਿਚੋਂ ਦਾਣੇ ਕੜਾਹੀ ਵਿਚ ਸਿੱਟੇ ਜਾਂਦੇ ਸਨ। ਕੜਾਹੀ ਵਿਚ ਦਾਣੇ ਸਿੱਟਣ ਸਮੇਂ ਝਿਉਰੀ ਇਕ ਹੱਥ ਅੱਗੇ ਕਰਕੇ ਦਾਣਿਆਂ ਦੀ ਚੁੰਗ ਕੱਢਦੀ ਹੁੰਦੀ ਸੀ। ਕੜਾਹੀ ਵਿਚ ਪਾਏ ਦਾਣਿਆਂ ਨੂੰ ਫਸਲ ਵੱਢਣ ਵਾਲੀ ਦਾਤੀ ਦੇ ਪੁੱਠੇ ਪਾਸੇ ਨਾਲ ਹਿਲਾਇਆ ਜਾਦਂਾ ਸੀ। ਜਦ ਦਾਣੇ ਭੁੱਜ ਜਾਂਦੇ ਸਨ ਤਾਂ ਉਨ੍ਹਾਂ ਨੂੰ ਛਾਨਣੇ ਨਾਲ ਕੜਾਹੀ ਵਿਚੋਂ ਬਾਹਰ ਕਰੱਢ ਲਿਆ ਜਾਂਦਾ ਸੀ। ਜੇਕਰ ਛੋਲਿਆਂ ਦੇ ਦਾਣੇ ਹੁੰਦੇ ਸਨ ਤਾਂ ਉਨ੍ਹਾਂ ਨੂੰ ਕੜਾਹੀ ਵਿਚ ਹੀ ਕੁੱਜੇ ਦੇ ਹੇਠਲੇ ਹਿੱਸੇ ਨਾਲ ਫੇਰ ਕੇ ਦੋ ਫਾੜ ਕੀਤਾ ਜਾਂਦਾ ਸੀ।

ਛਾਲਣੀ ਨਾਲ ਦਾਣੇ ਕੱਢਣ ਸਮੇਂ ਰੇਤਾ ਕੜਾਹੀ ਵਿਚ ਹੀ ਕਿਰ ਜਾਂਦੀ ਸੀ। ਭੁੱਜੇ ਦਾਣੇ ਛਾਲਣੀ ਵਿਚ ਰਹਿ ਜਾਂਦੇ ਸਨ। ਫੇਰ ਇਨ੍ਹਾਂ ਭੁੱਜੇ ਦਾਣਿਆਂ ਨੂੰ ਦਾਣੇ ਭਨਾਉਣ ਵਾਲਿਆਂ ਦੇ ਹਵਾਲੇ ਕੀਤਾ ਜਾਂਦਾ ਸੀ।

ਇਹ ਸੀ ਭੱਠੀ ਦੀ ਬਣਤਰ ਤੇ ਭੱਠੀ ਦੀ ਕਾਰਜ ਵਿਧੀ।

* * * * *

# ਚੋਰ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਧੁੰਨਾ** : ਨਹੀਂ ਤਾਂ ਨਾ ਸਹੀ।

**ਬੰਤੂ** : ਸਾਰੀ ਬਰਾਦਰੀ 'ਚ ਆਖਾਂਗਾ ਧੁੰਨਾ ਸਿੰਘ ਦੇ ਘਰ ਭੁੱਖ ਨੱਚਦੀ ਪਈ ਏ।

**ਮਿੰਦਰੋ** : ਕਰ ਲਈਂ ਬਕਵਾਸ, ਸਾਨੂੰ ਨਹੀਂ ਪੈਂਦਾ ਫ਼ਰਕ।

**ਬੰਤੂ** : ਫਿਰ ਨਾ ਆਖਿਓ.....

**ਧੁੰਨਾ** : (ਟੋਕਦੇ ਹੋਏ) ਜੋ ਕਹਿਣਾ ਏ ਕਹਿ ਲਵੀਂ, ਮੇਰੀ ਕੋਈ ਫੀਤੀ ਨਹੀਂ ਲਹਿ ਚਲੀ। ਹੋਰ ਜ਼ਿਆਦਾ ਬੋਲਿਆ ਤਾਂ ਧੱਕੇ ਮਾਰ ਕੇ ਬਾਹਰ ਕੱਢਾਂਗਾ ਚੋਰਾ!

**ਬੰਤੂ** : ਮੈਨੂੰ ਚੋਰ ਕਿਹੈ? ਕਿਸ ਸਾਲੇ ਦੀ ਮੈਂ ਕੀਤੀ ਚੋਰੀ?

**ਧੁੰਨਾ** : ਭੁੱਲ ਗਿਐਂ ਉਹ ਵਕਤ ਜਦੋਂ ਗਿਆਨ ਆੜਤੀਏ ਦੇ ਮੁੰਡੇ ਦੇ ਵਿਆਹ 'ਤੇ ਘਿਓ ਦਾ ਟੀਨ ਖਿਸਕਾ ਕੇ ਲੈ ਆਇਆ ਸੀ, ਜਦ ਤੂੰ ਮੈਨੂੰ ਫਿਰਨੀ 'ਤੇ ਮਿਲਿਆ ਸੀ। ਉਦੋਂ ਤਰਲੇ ਕੱਢਦਾ ਸੀ ਗਿਆਨ ਸਿੰਘ ਆੜਤੀਏ ਨੂੰ ਨਾ ਦੱਸੀਂ। ਜੇ ਮੈਂ ਉਹਨੂੰ ਅੱਜ ਵੀ ਦੱਸ ਦੇਵਾਂ ਤਾਂ ਚੜ੍ਹ ਜਾਏਗਾ ਰਾਸ਼ਨ ਪਾਣੀ ਲੈ ਕੇ ਤੇਰੇ 'ਤੇ, ਨਾਲ ਹੀ ਭੂਤਨੀ ਭੁਲਾ ਦੇਵੇਗਾ ਤੇਰੀ।

**ਬੰਤੂ** : ਭੂਤਨੀ ਤਾਂ ਤੇਰੀ ਭੁਲਾਵੇਗਾ ਜਿਹੜੇ ਤੋਂ ਕਰਜ਼ਾ ਲੈ ਕੇ ਤੂੰ ਕੁੜੀ ਦਾ ਵਿਆਹ ਕੀਤੈ। ਜਦ ਕਰਜ਼ਾ ਲਾਵੇਂਗਾ ਤਾਂ ਢਾਵਾਂ ਮਾਰ-ਮਾਰ ਰੋਵੇਂਗਾ। ਤੁਹਾਨੂੰ ਕੱਖਾਂ ਵਾਂਗੂੰ ਰੋਲ ਕੇ ਰੱਖ ਦੇਵਗਾ ਗਿਆਨ ਸਿੰਘ, ਤੁਸੀਂ ਭੁੱਖੇ ਨਾ ਮਰੇ ਤਾਂ ਮੈਨੂੰ ਪਿਓ ਦਾ ਪੁੱਤ ਨਾ ਆਖੀਂ, ਕਿਸੇ ਹੋਰ ਦਾ ਕਹਿ ਦੇਵੀਂ।

(ਬੋਲਦਾ ਬੋਲਦਾ ਬੰਤੂ ਚਲਾ ਜਾਂਦਾ ਹੈ)

**ਮਿੰਦਰੋ** : ਕੰਮੀਆਂ ਨੂੰ ਵੀ ਗੱਲਾਂ ਆਉਣ ਲੱਗ ਪਈਆਂ ਨੇ, ਕਿੱਡੀ ਹਵਾ ਉੱਚੀ ਹੋਈ ਪਈ ਏ ਇਹਨਾਂ ਲੋਕਾਂ ਦੀ।

**ਧੁੰਨਾ** : ਜਦ ਬੰਦੇ ਦੇ ਦਿਨ ਮਾੜੇ ਆਏ ਹੋਣ, ਉਹਨੂੰ ਹਰ ਕੋਈ ਟਿੱਚ ਸਮਝਦੈ। ਐਤਕਾਂ ਕਣਕ ਦੀ ਫਸਲ ਸਹੀ ਸਲਾਮਤ ਘਰੇ ਆ ਜਾਏ ਸਹੀ। ਫਸਲ ਚੰਗੀ ਹੋ ਜਾਏ, ਕਿਤੇ ਆੜਤੀਏ ਦੇ ਕਰਜ਼ੇ ਤੋਂ ਕੁੱਝ ਖੁਲਾਸੀ ਹੋ ਜਾਏ। ਰਾਤ ਕਿੰਨਾ ਮੀਂਹ ਪਿਐ, ਜਦ ਕੋਈ ਛਰਾਟਾ ਆਉਂਦਾ ਸੀ ਤਾਂ ਮੇਰਾ ਦਿਲ ਕੰਬਣ ਲੱਗ ਪੈਂਦਾ ਸੀ। ਰੱਬ ਵੀ ਸਾਲਾ ਤਰਸ ਨਹੀਂ ਕਰਦਾ ਮਾੜਿਆਂ 'ਤੇ।

**ਮਿੰਦਰੋ** : ਹੁਣ ਰੱਬ ਨਾਲ ਲੱਗਾ ਏਂ ਮੱਥਾ ਲਾਉਣ। ਕੀ ਵਿਗਾੜ ਲਵੇਂਗਾ ਰੱਬ ਦਾ?

**ਧੁੰਨਾ** : ਰੱਬ ਦੀ ਕਿਹੜਾ ਲੱਤ ਤੋੜ ਲੈਣੀ ਕਿਸੇ ਨੇ? ਵਰ੍ਹਾਈ ਜਾਵੇ ਮੀਂਹ ਸੋਨੇ ਵਰਗੀ ਫਸਲ 'ਤੇ।

**ਮਿੰਦਰੋ** : ਹੋਰ ਮਹੀਨੇ ਨੂੰ ਕਣਕ ਦੀ ਫਸਲ ਘਰੇ ਆਉਣੀ ਏ, ਹੁਣ ਤਾਂ ਮੀਂਹ ਤਾਂ ਕੀ, ਸੋਨੇ ਦੀ ਵੀ ਛਿੱਟ ਨਹੀਂ ਪੈਣੀ ਚਾਹੀਦੀ। (ਗੱਲ ਪਰਤਦੀ ਹੋਈ) ਪਿਛਲੇ ਤਿੰਨ ਚਾਰ ਦਿਨਾਂ ਤੋਂ ਤੂੰ ਸੁੱਤਾ ਈ ਗੱਲਾਂ ਕਰੀ ਜਾਂਦੈ। ਕਿਹਦੇ ਨਾਲ ਕਰਦੈਂ ਗੱਲਾਂ? ਸੁਫ਼ਨੇ ਵਿਚ ਟਾਹਲੀਆਂ ਟਾਹਲੀਆਂ ਬੋਲੀ ਜਾਂਦੈ।

**ਧੁੰਨਾ** : ਸੁਫ਼ਨੇ ਵਿਚ ਚੋਰਾਂ ਸਾਡੀਆਂ ਟਾਹਲੀਆਂ ਵੱਢ ਲਈਆਂ ਸੀ।

**ਮਿੰਦਰੋ** : ਆੜਤੀਏ ਨੂੰ ਲਿਖ ਕੇ ਦੇ ਜੂ ਦਿੱਤਾ ਟਾਹਲੀਆਂ ਦਾ। ਜੇ ਪੈਸੇ ਨਾ ਦੇ ਸਕੇ ਹਾੜੀ ਤੇ ਤਾਂ ਉਹ ਟਾਹਲੀਆਂ ਵੱਢ ਕੇ ਲੈ ਜਾਵੇਗਾ। ਤੈਨੂੰ ਕਿਹਨੇ ਕਿਹਾ ਸੀ ਹੱਥ ਵੱਢ ਕੇ ਦੇਣ ਦਾ?

**ਧੁੰਨਾ** : ਮਰਦਾ ਕੀ ਨਾ ਕਰਦਾ। ਕੁੜੀ ਦਾ ਵਿਆਹ ਤਾਂ ਕਰਨਾ ਈ ਪੈਣਾ ਸੀ, ਟਾਹਲੀਆਂ ਨਾ ਲਿਖਦਾ ਤਾਂ ਹੋਰ ਪੈਲੀ ਲਿਖ ਦੇਂਦਾ ਜਿਹੜੀ ਚਾਰ ਕਿਲੇ ਹੈਗੀ ਏ।

**ਮਿੰਦਰੋ** : ਤੇਰੀ ਟਾਹਲੀਆਂ ਜਾਣਗੀਆਂ ਭੰਗ ਦੇ ਭਾੜੇ। ਇੱਕ ਵਾਰ ਬੰਦਾ ਅੜਿੱਕੇ ਚੜ੍ਹ ਜਾਏ ਸੀ ਆੜ੍ਹਤੀਆਂ ਦੇ, ਫਿਰ ਵੇਖੀਂ ਕੀ ਭਾਅ

ਵਿਕਦੀ ਏ?

**ਧੁੰਨਾ** : ਸਧਰਾਂ ਨਾਲ ਪਾਲੀਆਂ ਟਾਹਲੀਆਂ ਦੇ ਪੂਰੇ ਤੀਹ ਹਜ਼ਾਰ ਖੱਟਾਂਗਾ।

**ਮਿੰਦਰੋ** : ਬਟੂਆ ਲੈ ਆ ਨਵਾਂ ਬਜ਼ਾਰੋਂ!

**ਧੁੰਨਾ** : ਬਟੂਆ ਸਾਡੀ ਕਿਸਮਤ ਵਿਚ ਕਿਥੇ? ਕਰ ਲੈ ਹੁੱਜਤਾਂ, ਤੂੰ ਨਾ ਕਰੇਂਗੀ ਤਾਂ ਹੋਰ ਤੇਰੇ ਜੁਆਕ ਕਰਨਗੇ।

**ਮਿੰਦਰੋ** : ਜੁਆਕ ਤਾਂ ਤੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹਣਗੇ, ਤਾਰ ਦਿੱਤਾ ਤੂੰ ਉਹਨਾਂ ਨੂੰ।
(ਧੁੰਨੇ ਦਾ ਪੁੱਤਰ ਚੰਨਾ ਆਉਂਦਾ ਹੈ, ਉਸ ਦੇ ਚਿਹਰੇ ਦਾ ਰੰਗ ਉਡਿਆ ਹੋਇਆ ਹੈ, ਚੁੱਪ ਕਰਕੇ ਮੰਜੇ 'ਤੇ ਬੈਠ ਜਾਂਦਾ ਹੈ)

**ਧੁੰਨਾ** : ਹੁਣ ਤਾਂ ਸਾਰੀਆਂ ਆਸਾਂ ਹੀ ਇਸ ਫ਼ਸਲ 'ਤੇ ਨੇ.....

**ਚੰਨਾ** : ਕਾਹਦੀ ਫਸਲ.....(ਰੋ ਪੈਂਦਾ ਹੈ)

**ਧੁੰਨਾ** : (ਘਬਰਾਈ ਆਵਾਜ਼ ਵਿਚ) ਕੀ ਹੋਇਆ ਫਸਲ ਨੂੰ?

**ਚੰਨਾ** : ਗੜਿਆਂ ਨੇ ਸਾਰੀ ਫਸਲ ਤਬਾਹ ਕਰਤੀ।

**ਮਿੰਦਰੋ** : ਹੁਣ ਕੀ ਕਰਾਂਗੇ? ਕੀ ਖਾਵਾਂਗੇ ਤੇ ਸ਼ਾਹ ਦਾ ਕਰਜ਼ਾ ਕਿਵੇਂ.....

**ਚੰਨਾ** : ਸ਼ਾਹ ਸਿੱਧਾ ਟਾਹਲੀਆਂ ਨੂੰ ਪਵੇਗਾ, ਅਜੇ ਕਲ੍ਹ ਈ ਕਹਿੰਦਾ ਪਿਆ ਸੀ ਜੇ ਫਸਲ ਤੇ ਸਾਬ੍ਹ ਪੂਰਾ ਨਾ ਹੋਇਆ ਤਾਂ ਟਾਹਲੀਆਂ ਸਾਬ੍ਹ ਪੱਧਰਾ ਕਰਨਗੀਆਂ।

**ਧੁੰਨਾ** : ਸਾਲੇ ਨੂੰ ਦਿਨ ਰਾਤ ਮੇਰੀਆਂ ਟਾਹਲੀਆਂ ਦੇ ਹੀ ਸੁਫ਼ਨੇ ਆਉਂਦੇ ਨੇ।
(ਗਿਆਨ ਸਿੰਘ ਆਉਂਦਾ ਹੈ)
ਸ਼ਾਹ ਜੀ?

**ਗਿਆਨ ਸਿੰਘ** : ਧੁੰਨਾ ਸਿੰਘ, ਮੇਰੇ ਬੰਦੇ ਗਏ ਨੇ ਟਾਹਲੀਆਂ ਵੱਢਣ।

**ਧੁੰਨਾ** : (ਡਾਹਢਾ ਦੁਖੀ ਹੋਇਆ) ਟਾਹਲੀਆਂ?

**ਗਿਆਨ ਸਿੰਘ** : ਫਸਲ ਤਾਂ ਤੇਰੀ ਲੈ ਗਈ ਗੜੇ, ਹੁਣ ਤਾਂ ਹਿਸਾਬ ਕਿਤਾਬ ਟਾਹਲੀਆਂ ਹੀ ਪੱਧਰਾ ਕਰਨਗੀਆਂ।

**ਚੰਨਾ** : ਤਾਇਆ, ਤੈਨੂੰ ਟਾਹਲੀਆਂ ਦੀ ਪੈ ਗਈ ਏ, ਐਧਰ ਸਾਡੀ ਪਲੀ ਪਲਾਈ ਫਸਲ ਨਾਸ ਹੋ ਗਈ.....

**ਗਿਆਨ ਸਿੰਘ** : ਕਾਕਾ, ਹਮਦਰਦੀ ਤਾਂ ਮੈਨੂੰ ਵੀ ਏ। ਪਰ ਸਾਬ੍ਹ ਕਿਤਾਬ ਵਿਚ ਗੱਲ ਕੋਰੀ ਚਲਦੀ ਏ।

**ਧੁੰਨਾ** : ਸ਼ਾਹ ਜੀ ਕਰ ਲਉ ਰਾਂਝਾ ਰਾਜੀ, ਸਾਡੀ ਨਾ ਸੋਚਿਓ ਕਰਮਾਂ ਮਾਰਿਆਂ ਦੀ। ਲੈ ਜਾਓ ਟਾਹਲੀਆਂ ਤੇ ਪੈ ਜਾਏ ਤੁਹਾਡੇ ਕਾਲਜੇ ਠੰਡ।

**ਗਿਆਨ ਸਿੰਘ** : ਤੇਰੀ ਗੱਲ ਠੀਕ ਏ, ਇੱਕ ਵਾਰ ਸਾਬ੍ਹ ਕਿਤਾਬ ਲਮਕ ਜਾਵੇ ਤਾਂ ਫਿਰ ਨਹੀਂ ਹੁੰਦਾ ਸੂਤ। ਚੰਗਾ ਧੁੰਨਾ ਸਿਹਾਂ, ਰੱਬ ਰਾਖਾ।

**ਧੁੰਨਾ** : ਹੂੰ ਰੱਬ ਰਾਖਾ! ਕਿੱਡਾ ਸਾਲਾ ਰੱਬ ਦਾ ਭਗਤ ਸਮਝਦੈ। ਰੱਬ ਨੇ ਵੀ ਚੰਗੀ ਕੀਤੀ, ਸਾਰੀ ਫਸਲ ਦੇ ਆਹੂ ਲਾਹ ਕੇ ਰੱਖ ਦਿੱਤੇ ਤੇ ਰਹਿੰਦੀ ਕਸਰ ਕੱਢ ਤੀ ਇਸ ਸਾਲੇ ਆੜ੍ਹਤੀਏ ਨੇ।

**ਚੰਨਾ** : ਸ਼ਾਹ ਬੰਦਾ ਨਹੀਂ, ਇਹ ਠੂੰਹਾ ਏ ਠੂੰਹਾ। (ਚੰਨਾ ਅੰਦਰ ਚਲਾ ਜਾਂਦਾ ਹੈ)

**ਮਿੰਦਰੋ** : ਹੁਣ ਕੀ ਕਰਾਂਗੇ?

**ਧੁੰਨਾ** : (ਬਿਸਤਰੇ ਹੇਠੋਂ ਪਿਸਟਲ ਕੱਢਦਾ ਹੋਇਆ) ਹੁਣ ਆਹ ਪਿਸਟਲ ਈ ਸਾਡਾ ਸਾਥ ਦੇਵੇਗਾ। ਸਾਰੀ ਉਮਰ ਮੈਨੂੰ ਜਿਹੜੇ ਲੋਕ ਲੁੱਟਦੇ ਰਹੇ ਮੈਂ ਉਹਨਾਂ ਦਿਨ ਦੇ ਚੋਰਾਂ ਤੋਂ ਗਿਣ-ਗਿਣ ਕੇ ਬਦਲੇ ਲਵਾਂਗਾ ਤੇ ਉਹਨਾਂ ਦੀ ਰਾਤ ਦੀ ਨੀਂਦ ਹਰਾਮ ਕਰ ਦਿਆਂਗਾ।
(ਮਿੰਦਰੋ ਇਸ ਤਰ੍ਹਾਂ ਖੜ੍ਹੀ ਹੈ ਜਿਵੇਂ ਪੱਥਰ ਬਣ ਗਈ ਹੋਵੇ, ਧੁੰਨਾ ਸਿਰ 'ਤੇ ਪਰਨਾ ਬੰਨ੍ਹ ਕੇ ਇਕ ਕੱਪੜੇ ਨਾਲ ਚਿਹਰੇ ਦਾ ਜ਼ਿਆਦਾ ਹਿੱਸਾ ਢੱਕ ਲੈਂਦਾ ਹੈ। ਪਿਸਟਲ ਹੱਥ ਵਿਚ ਫੜ ਕੇ ਚੋਰਾਂ ਦੀ ਤਰ੍ਹਾਂ ਵਿਖਾਈ ਦਿੰਦਾ ਹੈ।)
ਓ ਚੋਰੋ! ਆ ਰਿਹੈ ਤੁਹਾਡਾ ਬਾਪ, ਸਾਬ੍ਹ ਕਿਤਾਬ ਹੁਣ ਹੋਏਗਾ ਪੱਧਰਾ।
(ਪਿੱਛੋਂ ਆਵਾਜ਼ ਆਉਂਦੀ ਹੈ)
ਚੋਰਾਂ ਦੀ ਦੁਨੀਆਂ ਅੰਦਰ
ਅੱਜ ਇੱਕ ਬਣਿਆ ਚੋਰ।
ਭੁੱਖ ਨੇ ਖੂਬ ਸਤਾਇਆ
ਹੁਣ ਚੋਰਾਂ ਨੂੰ ਪੈਣਗੇ ਮੋਰ।
ਚੋਰਾਂ ਦੀ ਦੁਨੀਆਂ.....
(ਹਨ੍ਹੇਰਾ ਹੋ ਜਾਂਦਾ ਹੈ)

**(ਸਮਾਪਤ)**

# ਦਿਲ ਲਈ ਚੰਗੀ ਹੈ ਕਾਲੀ ਚਾਹ



ਦਿਲ ਨੂੰ ਠੀਕ ਰੱਖਣਾ ਹੈ ਤਾਂ ਰੋਜ਼ਾਨਾ ਘੱਟੋ-ਘੱਟ 3 ਕੱਪ ਕਾਲੀ ਚਾਹ ਪੀਓ। ਇਹੋ ਨਹੀਂ, ਕਾਲੀ ਚਾਹ ਪੀਣ ਨਾਲ ਕਈ ਤਰ੍ਹਾਂ ਦੇ ਕੈਂਸਰ ਤੋਂ ਵੀ ਵਿਅਕਤੀ ਦਾ ਬਚਾਅ ਹੁੰਦਾ ਹੈ। ਖੋਜੀਆਂ ਨੇ ਕਿਹਾ ਹੈ ਕਿ ਇਸ ਦੇ ਲਈ ਫਲੇਵੋਨਾਇਡਸ ਨਾਂ ਦੇ ਐਂਟੀ-ਆਕਸੀਡੈਂਟਸ ਜ਼ਿੰਮੇਵਾਰ ਹੁੰਦੇ ਹਨ। ਇਹ ਚਾਹ ਵਿਚ ਲੋੜੀਂਦੀ ਮਾਤਰਾ ਵਿਚ ਮਿਲਣ ਵਾਲੇ ਰਸਾਇਣ ਹਨ ਜੋ ਕੋਸ਼ਿਕਾਵਾਂ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦੇ ਹਨ। ਇਹ ਦੰਦਾਂ ਦੇ ਐਨਾਮੇਲ ਨੂੰ ਘਿਸਣ ਤੋਂ ਬਚਾਉਣ ਦੇ ਨਾਲ ਹੀ ਹੱਡੀਆਂ ਨੂੰ ਵੀ ਮਜ਼ਬੂਤ ਰੱਖਦੇ ਹਨ।

ਪਬਲਿਕ ਹੈਲਥ ਨਿਊਟ੍ਰੀਸ਼ਨਿਸਟ ਡਾਕਟਰ ਕੈਰੀ ਰਕਸਟਨ ਵਲੋਂ ਕੀਤੀ ਗਈ ਇਸ ਖੋਜ ਵਿਚ ਦੇਖਿਆ ਗਿਆ ਕਿ ਰੋਜ਼ਾਨਾ 3 ਕੱਪ ਕਾਲੀ ਚਾਹ ਪੀਣ ਨਾਲ ਬਹੁਤ ਫਾਇਦਾ ਹੁੰਦਾ ਹੈ। ਹਾਲਾਂਕਿ ਇਹ ਮੰਨਿਆ ਜਾਂਦਾ ਹੈ ਕਿ ਚਾਹ ਪੀਣ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਪਰ ਕਈ ਅਧਿਐਨਾਂ ਵਿਚ ਦੇਖਿਆ ਗਿਆ ਹੈ ਕਿ ਚਾਹ ਪੀਣ ਵਾਲਿਆਂ ਦੇ ਲੱਕ ਦੀਆਂ ਹੱਡੀਆਂ ਟੁੱਟਣ ਦਾ ਮਾਮਲਾ ਬਹੁਤ ਘੱਟ ਹੁੰਦਾ ਹੈ। ਚਾਹ ਵਿਚ ਦੁੱਧ ਜ਼ਿਆਦਾ ਮਾਤਰਾ ਵਿਚ ਪਾ ਕੇ ਪੀਣ ਵਾਲੀਆਂ ਔਰਤਾਂ ਦੇ ਸਰੀਰ ਵਿਚ ਕੈਲਸ਼ੀਅਮ ਵੀ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਫਲਾਂ-ਸਬਜ਼ੀਆਂ ਵਾਂਗ ਹੀ ਕਾਲੀ ਚਾਹ ਵਿਚ ਵੀ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟਸ ਹੁੰਦੇ ਹਨ, ਜੋ ਦਿਲ ਦੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ। ਇਹ ਐਂਟੀਆਕਸੀਡੈਂਟਸ ਅੰਤੜੀਆਂ ਵਿਚ ਨੁਕਸਾਨਦੇਹ ਜੀਵਾਣੂਆਂ ਨੂੰ ਪੈਦਾ ਹੋਣ ਤੋਂ ਰੋਕਦੇ ਹਨ।



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਕਾਵਿ-ਕਿਆਰੀ

(ਲਫ਼ਜ਼ਾਂ ਦੀ ਲੋਏ ਲੋਏ)

## ਪਤਾ/ਹਰਬਖ਼ਸ਼ ਸਿੰਘ ਟਾਹਲੀ



ਨਾ ਤੇਰਾ ਮੈਨੂੰ ਪਤਾ ਹੈ
ਨਾ ਮੇਰਾ ਤੈਨੂੰ ਪਤਾ ਹੈ
ਫਿਰ ਵੀ ਤੂੰ ਕਿਵੇਂ ਕਹਿ ਲਿਆ
ਕਿ ਤੇਰਾ ਮੈਨੂੰ ਪਤਾ ਹੈ
ਮੈਂ ਬੜਾ ਹੈਰਾਨ ਹਾਂ
ਕਿ ਤੂੰ ਐਲਾਨ ਕੀਤਾ ਹੈ
ਕਿ ਤੇਰੇ ਕਹਿਣ 'ਤੇ
ਹੁਕਮ ਦਾ ਪ੍ਰਵਾਹ ਬਦਲ ਜਾਂਦਾ ਹੈ
ਤੂੰ ਆਪਣੀ ਅਸੀਸ ਨਾਲ
ਬਖਸ਼ ਦਿੰਦਾ ਏਂ ਰਾਜ
ਤੇ ਤੇਰੇ ਸਰਾਪ ਨਾਲ
ਚਲੇ ਜਾਂਦੇ ਹਨ ਲੋਕ ਨਰਕਾਂ ਨੂੰ
ਤੂੰ ਚਲਦੇ ਦਰਿਆਵਾਂ ਦੇ
ਰੋਕ ਸਕਦਾ ਏਂ ਵਹਿਣ
ਤੇ ਪੁਆ ਸਕਦਾ ਏਂ
ਰੇਗਿਸਤਾਨ ਵਿਚ ਬਾਰਸ਼
ਤੂੰ ਬਣਾ ਦਿੰਦਾ ਏਂ ਮਾਂ
ਇਕ ਬਾਂਝ ਔਰਤ ਨੂੰ
ਤੇ ਤੂੰ ਖੋਹਲ ਲਈ ਹੈ
ਮੁੰਡੇ ਵੰਡਣ ਦੀ ਦੁਕਾਨ।

*****

## ਕਵਿਤਾ ਅਕਵਿਤਾ/ ਐ ਮੰਜ਼ਿਲ ਤੂੰ ਇੰਝ ਮਿਲ

**ਸੁਰਿੰਦਰ ਮਕਸੂਦਪੁਰੀ**



ਐ ਮੇਰੀ ਹਨੇਰੀ ਜ਼ਿੰਦਗੀ ਦੀ ਰੌਸ਼ਨ ਸਵੇਰ
ਮੇਰੇ ਉਜੜੇ ਬਾਗ਼ ਦੀ ਬਹਾਰ
ਮੇਰੇ ਉਦਾਸ ਸੁਪਨਿਆਂ ਦੀ ਹੁਸੀਨ ਮੰਜ਼ਿਲ
ਤੂੰ ਦਸਤਕ ਤਾਂ ਦੇ
ਮੇਰੇ ਵੀਰਾਨ ਵਿਹੜੇ
ਆ ਤੇ ਬੱਦਲੀ ਬਣ ਵਰ੍ਹ ਜਾ
ਮੇਰੇ ਤਪਦੇ-ਭਖ਼ਦੇ ਸਹਿਰਾਅ
ਫ਼ਲ-ਫੁੱਲ ਲੱਗਣ ਮਹਿਕਣ
ਮੇਰੇ ਚਾਅ-ਉਮਾਹ!

ਐ ਮੰਜ਼ਿਲ ਤੂੰ ਇੰਝ ਮਿਲ
ਜਿਵੇਂ...
ਨਦੀਆਂ ਦਰਿਆਵਾਂ ਨੂੰ ਮਿਲਦੀਆਂ ਨੇ
ਦਰਿਆ ਸਮੁੰਦਰ 'ਚ ਸਮਾਅ
ਇਕਮਿਕ ਹੋ ਜਾਂਦੇ ਨੇ
ਤੇ ਛਾਲਾਂ ਮਾਰਦੀਆਂ ਛੱਲਾਂ
ਕੰਢਿਆਂ/ਕਿਨਾਰਿਆਂ ਸੰਗ ਖਹਿ
ਮੁੜ ਆਪਣੇ ਪਿਆਰੇ ਦੀ ਗੋਦ ਵਿਚ
ਜਾ ਸਮਾਉਂਦੀਆਂ ਨੇ

ਐ ਮੰਜ਼ਿਲ ਤੂੰ ਇੰਝ ਮਿਲ
ਜਿਵੇਂ...
ਬਾਗ਼ਾਂ ਨੂੰ ਬਹਾਰਾਂ
ਫੁੱਲਾਂ ਨੂੰ ਗੁਲਜ਼ਾਰਾਂ
ਮਹਿਕਾਂ ਨੂੰ ਭੌਰੇ, ਤਿਤਲੀਆਂ
ਰਾਹਾਂ ਨੂੰ ਰਾਹ
ਭੁੱਖੇ ਪੇਟ ਨੂੰ ਰੋਟੀ
ਤੇ ਪਿਆਸੇ ਹੋਂਠਾਂ ਨੂੰ ਪਾਣੀ ਮਿਲਦਾ ਹੈ

ਐ ਮੰਜ਼ਿਲ ਤੂੰ ਇੰਝ ਮਿਲ
ਜਿਵੇਂ...
ਰੁੱਖਾਂ ਨੂੰ ਛਾਵਾਂ
ਪੱਤਿਆਂ ਨੂੰ ਹਵਾਵਾਂ
ਰੰਗਾਂ ਨੂੰ ਚਤੇਰੇ
ਰਾਤਾਂ ਨੂੰ ਸਵੇਰੇ
ਸਾਉਣ ਨੂੰ ਕਾਲੇ ਬੱਦਲ
ਤੇ ਅੰਬਰਾਂ ਨੂੰ ਸਤਰੰਗੀ ਪੀਂਘ ਮਿਲਦੀ ਹੈ

ਐ ਮੰਜ਼ਿਲ ਤੂੰ ਇੰਝ ਮਿਲ
ਜਿਵੇਂ...
ਵਹਿੰਦੇ ਪਾਣੀਆਂ ਨੂੰ ਪਾਣੀ
ਹੱਸਦੇ ਹਾਣੀਆਂ ਨੂੰ ਹਾਣੀ
ਕਵੀ, ਕਵਿਤਾ, ਕਲਮ ਨੂੰ ਸ਼ਬਦ
ਤੇ ਸ਼ਬਦਾਂ ਨੂੰ ਅਰਥ ਮਿਲਦੇ ਨੇ

ਐ ਮੰਜ਼ਿਲ ਤੂੰ ਇੰਝ ਮਿਲ
ਜਿਵੇਂ...
ਪਰਦੇਸ ਗਏ ਪੁੱਤਰ ਨੂੰ
ਪਿਤਾ ਦਾ ਨਿਰਮਲ-ਨਿਰਛਲ
ਪਿਆਰ ਮਿਲਦਾ ਹੈ

ਜਿਵੇਂ ਵਿਛੜੇ ਬੱਚੇ ਨੂੰ
ਮਾਂ ਦਾ ਸੱਚਾ-ਸੁੱਚਾ
ਮੋਹ-ਮਲਾਰ ਮਿਲਦਾ ਹੈ

ਐਸੇ ਰੰਗ ਰੰਗੀਜ ਜੇ ਆਵੇਂ
ਮਨ ਮੇਰੇ ਤੂੰ ਮੰਜ਼ਿਲ ਭਾਵੇਂ
ਕਰਜ਼/ਫ਼ਰਜ਼ ਸਭ ਚੁਕਤਾ ਹੋਵਣ
ਜਾਗਣ ਸੁੱਤੇ ਸਾਜ਼, ਸੁਰ, ਤਾਲ
ਸੋਗਾਂ ਦੇ ਦਰ ਸੰਗੀਤ ਫਿਰ ਗੂੰਜੇ
'ਮਕਸੂਦਪੁਰੀ' ਮਾਣੇ ਜੀਵਨ ਖੁਸ਼ਹਾਲ !

-234, **ਸੁਦਰਸ਼ਨ ਪਾਰਕ**,
**ਮਕਸੂਦਾਂ, ਜਲੰਧਰ**-144021,
**ਮੋ. 99887-10234**

*****

## ਕਵਿਤਾ/ ਅੱਜ ਦੀ ਸਿਆਸਤ

ਧਰਮੋ ਤੇ ਕਰਮੋ ਦਰਾਣੀ ਤੇ ਜਠਾਣੀ ਦੋਵੇਂ।
ਧਰਮ ਅਤੇ ਕਰਮ ਵਿਚ ਪਾ ਰਹੀਆਂ ਮਧਾਣੀ ਦੋਵੇਂ।
ਰਿੜਕ ਰਿੜਕ ਇਨ੍ਹਾਂ ਵਿਚੋਂ ਜੋ ਵੀ ਕੁਝ ਬਾਹਰ ਆਇਆ।
ਕੰਮ ਹੋਰ, ਨੀਅਤ ਹੋਰ, ਝੂਠ ਦਾ ਅੰਬਾਰ ਲਾਇਆ।

ਧਰਮੋ ਕੁਪੱਤੀਏ, ਨਿਮੋਹੀਏ ਤੇ ਨਿਖੁੱਟੀਏ,
ਤੇਰੀ ਅੱਖ ਹਰ ਥਾਂ 'ਤੇ ਸਦਾ ਕਿਉਂ ਰਹਿੰਦੀ ਏ।
ਉੱਚੀ ਉੱਚੀ ਹੋਣ ਖ਼ਾਤਰ, ਸਭ ਸਾਹਵੇਂ ਇਹ ਤੀਵੀਂ,
ਧਰਮ ਨਾਲ ਢੁਕ ਢੁਕ ਬਹਿੰਦੀ ਏ।

ਬਹਿਸ ਜੇ ਫਜ਼ੂਲ ਹੋਵੇ, ਧਰਮੋ ਨਾ ਉੱਥੇ ਹੋਵੇ,
ਇਹ ਨਾ ਕਦੀ ਹੋਏਗਾ।
ਕਰਮੋ ਤੂੰ ਬੀਜ ਬੀਜੇ, ਫਲੀਭੂਤ ਹੋਣ ਪਿਛੋਂ ਜੋ ਵੀ ਖਾਊ,
ਖਾ ਖਾ ਰੋਏਗਾ।

ਅੰਤ ਦੋਵੇਂ ਭਿੜੀਆਂ ਤੇ ਗੁੱਤੋ-ਗੁੱਤੀ ਹੋ ਪਈਆਂ,
ਤੇ ਕੋਈ ਨਾ ਛੁਡਾਉਣ ਆਇਆ।
ਜ਼ਖਮੀ ਉਨ੍ਹਾਂ ਨੂੰ ਕੀਤਾ, ਉਨ੍ਹਾਂ ਉੱਤੇ ਜੋ ਪਈਆਂ,
ਅੰਤ ਕੋਈ ਭਲਾ ਪੁਰਖ ਫੈਸਲਾ ਸੁਣਾਉਣ ਆਇਆ।

ਧਰਮੋ ਦੇ ਹੱਕ ਵਿਚ ਇਕ ਵੀ ਨਾ ਵੋਟ ਪਈ,
ਜਿਹੜੀ ਲੂਤੀ ਹਰ ਜਗ੍ਹਾ ਲਾਉਂਦੀ ਸੀ।
ਕਰਮੋ ਖਿਲਾਫ਼ ਸਾਰੀ ਦੁਨੀਆਂ ਹੀ ਭੁਗਤ ਗਈ,
ਧਰਮ ਨੂੰ ਜਿਹੜੀ ਘਰੋਂ ਦੂਰ ਤੋਂ ਭਜਾਉਂਦੀ ਸੀ।

ਧਰਮੋ ਤੇ ਕਰਮੋ ਪਲਕਾਂ 'ਚ ਗਾਇਬ ਹੋਈਆਂ,
ਬਿਬੇਕ ਦੀ ਜਿੱਤ ਦਾ ਜਦ ਵੀ ਐਲਾਨ ਹੋਇਆ।
ਬਿਬੇਕ ਹੱਥੋਂ ਧਰਮ ਅਤੇ ਕਰਮ ਦਾ ਹਰ ਜਗ੍ਹਾ,
ਤਹਿ ਦਿਲੋਂ ਲੋਕਾਂ ਵੱਲੋਂ ਬੜਾ ਸਨਮਾਨ ਹੋਇਆ।
ਇਸ ਤਰ੍ਹਾਂ ਨੇਕੀ ਤੋਂ ਬੁਰਾਈ ਜਦ ਚਿੱਤ ਹੋਈ।
ਜੱਗ ਉੱਤੇ ਨੇਕੀ ਦੀ ਜੈ ਜੈ ਕਾਰ ਜਿੱਤ ਹੋਈ।



**ਰਤਨ ਟਾਹਲਵੀ**

*****

## ਸ਼ਬਦਾਂ ਦੇ ਸੰਜੋਗ

* ਬਲਾਤਕਾਰੀ ਮਨੁੱਖ ਅੱਤਵਾਦੀ ਨਾਲੋਂ ਵੀ ਬੁਰਾ ਹੁੰਦਾ ਹੈ।ਅੱਤਵਾਦੀ ਜ਼ਿੰਦਗੀ ਖਤਮ ਕਰਦਾ ਹੈ ਅਤੇ ਬਲਾਤਕਾਰੀ ਪਹਿਲਾਂ ਆਬਰੂ ਖਤਮ ਕਰਦਾ ਹੈ ਤੇ ਫਿਰ ਜ਼ਿੰਦਗੀ।
* ਇਹ ਮਨੁੱਖਾਂ ਦੀ ਬਸਤੀ ਹੈ, ਇਥੇ ਕੁੱਤਿਆਂ ਨੂੰ ਦੁਰਕਾਰਿਆ ਜਾਂਦਾ ਹੈ ਪਰ ਅਕਸਰ ਇਸ ਬਸਤੀ ਵਿਚ ਕੁੱਤਿਆਂ ਨਾਲੋਂ ਬੇਵਫਾ ਲੋਕ ਵਸਦੇ ਹਨ।
* ਕਈ ਲੋਕ ਕਿਤਾਬੀ ਗਿਆਨ ਨੂੰ ਹੀ ਰੂਹਾਨੀ ਗਿਆਨ ਸਮਝ ਲੈਣ ਦਾ ਭੁਲੇਖਾ ਪਾਲ ਲੈਂਦੇ ਹਨ ਤੇ ਹਰ ਜਗ੍ਹਾ ਕਿਤਾਬਾਂ ਵਿਚੋਂ ਪੜ੍ਹਿਆ ਗਿਆਨ ਲੋਕਾਂ ਨੂੰ ਦੱਸ ਕੇ ਰੋਅਬ ਪਾਉਣ ਲੱਗਦੇ ਹਨ।
* ਗੁਰੂ ਘਰਾਂ ਦੇ ਵਿਵਾਦ ਤੋਂ ਦੂਰ ਰਹਿ ਕੇ ਗੁਰੂ ਘਰ ਜਾਣ ਵਾਲੇ ਲੋਕ ਅਕਸਰ ਲਾਹਾ ਲੈ ਜਾਂਦੇ ਹਨ, ਜਦੋਂ ਕਿ ਗੁਰੂ ਘਰਾਂ ਵਿਚ ਮੋਹਤਬਾਰੀ ਜਗਾਉਣ ਵਾਲੇ ਲੋਕ ਹਉਮੈਂ ਵਸ ਸਭ ਗੁਆ ਲੈਂਦੇ ਹਨ।
* ਗੁਰਦੁਆਰਿਆਂ ਵਿਚ ਲੰਮੇ ਸਮੇਂ ਲਈ ਸੇਵਾ ਕਰਨ ਵਾਲੇ ਲੋਕ ਅਤੇ ਨਵੇਂ-ਨਵੇਂ ਸੇਵਾਦਾਰ ਬਣੇ ਲੋਕ ਦੋਵੇਂ ਗੁੰਮਰਾਹ ਹੋ ਜਾਂਦੇ ਹਨ।
* ਕਈ ਲੋਕ ਮਾਈਕ ਫੜ੍ਹ ਕੇ ਸਮਝਦੇ ਹਨ ਕਿ ਉਹ ਸਭ ਤੋਂ ਸਿਆਣੇ ਹਨ ਅਤੇ ਜੋ ਵੀ ਊਟ-ਪਟਾਂਗ ਬੋਲਦੇ ਜਾਣਗੇ ਲੋਕ ਪ੍ਰਵਾਨ ਕਰ ਲੈਣਗੇ ਪਰ ਇਹ ਸੱਚਾਈ ਨਹੀਂ ਹੈ।
* ਇਕ ਪਾਸੜ ਬੋਲਣ ਵਾਲੇ ਬੁਲਾਰੇ ਸਮਾਜ ਦੀ ਕਿਸੇ ਵੀ ਸਟੇਜ਼ ਤੋਂ ਪ੍ਰਵਾਣਿਤ ਨਹੀਂ ਹੁੰਦੇ।
* ਗੁਰੂ ਗ੍ਰੰਥ ਸਾਹਿਬ ਦੇ ਅਰਥ ਜਿਸ ਤਰ੍ਹਾਂ ਮਰਜ਼ੀ ਕਰੀ ਜਾਵੋ ਪਰ ਅਸਲ ਗੱਲ ਤਾਂ ਉਨ੍ਹਾਂ ਅਰਥਾਂ ਨੂੰ ਦਿਲ ਤੱਕ ਲਿਜਾਣ ਦੀ ਹੈ।

# आत्म निरीक्षण

आत्म निरीक्षण से ही व्यक्ति की पहचान की जाती है। आत्म निरीक्षण का सही अर्थ है – मनुष्य द्वारा स्वयं अपना निरीक्षण करना अर्थात् अपने आप को परखना या अपने व्यवहार का सही माप तोल करना। आत्म निरीक्षण से ही अपने दोषों को दूर किया जा सकता है। आत्म निरीक्षण एक ऐसा मापदण्ड है, जिस के द्वारा मनुष्य अपने गुणों और दोषों से परिचित होता है। वह अपने व्यवहार को वास्तविकता के प्रकाश में पहचानता है।

मनुष्य दिन भर काम करता है यदि वह रात को सोते समय इन सब कामों को पाँच, दस मिनट तक सोचे और उसका विश्लेषण करे तो वह अवश्य ही इस बात से परिचित हो जाएगा कि उसके अच्चे और बुरे कार्य कौन–कौन से है। वह यह भी जान जाएगे कि उसने आज दिन भर क्या सही किया और क्या गलत। भले ही व्यक्ति का मन उसे बुरे कार्यों को उपेक्षित कर दे, परन्तु फिर भी उसकी आत्मा से सच्ची आवाज़ आएगी भाव यह कि यदि उसने बुरा कार्य किया है तो उसकी आत्मा उसे जरूर बुरा कहेगी। मनुष्य कितना भी बुरा क्यों न हो, लेकिन उसकी आत्मा उसे बुरा काम करने से एक बार अवश्य रोकेगी। यदि उसने अपनी आत्मा की आवाज़ को सुन लिया तो वह अपने दोषों को दूर करने का प्रयास अवश्य करेगा। यही उसका मानवता की ओर बढ़ता हुआ पहला कदम होगा।

प्राचीन काल में बहुत से सन्तों, महापुरुषों ने आत्म निरीक्षण पर बल दिया है, क्योंकि उनके अनुसार यह एक ऐसा रास्ता है जिसके प्रकाश में मानव अपने दोषों को देखकर उन्हें दूर करने का प्रयास करता है।

रहीम जी ने कहा है –

**'बुरा जो देखन मैं चला, बुरा न मिलया कोय,**
**जो दिल खोजा अपना, मुझ से बुरा न कोय'**

आत्म निरीक्षण मानव को विवेकशील बनाता है। आत्म निरीक्षण से मानव स्वयं अपने आप से मिलता है, अपने आप से बातचीत करता है, अपनी बुराइयों के प्रति परिचित होता है और धिक्कारता है तथा आगे से ऐसा न करने का प्रण लेता है। आत्म निरीक्षण से मानव स्वयं को जानता है। वही दूसरी और जागरूक एवं विवेकशील बनने का प्रयास करता है। इस प्रकार वह धीरे–धीरे पूर्ण मानव बन जाता है।

**''दोषों को ग़र दूर करना चाहो,**
**पापों से ग़र छुटकारा चाहो,**
**समाज का ग़र भला चाहो,**
**आत्म निरीक्षण को अपनाओ।''**

**जसप्रीत कौर**

## कैसे समां, कैसा पल

पल–पल लागे मुझको डर सा
इन दर्द भरी राहों से
कितने है जीवन में कष्ट
जो लेते ही नहीं,
थमने का नाम॥
एक से बाद एक
आती है, मुश्किलें
कर देती है, सब कुछ
तहस–नहस।
पल–पल लागे मुझको डर–सा
इन दर्द भरी राहो से।
लगता नहीं कुछ भी।
अच्छा मुझे
रूठ जाते हैं
सब अपने मुझसे॥
इन दर्द–भरे दिनों में
कर नहीं पाता कुछ
इन्हें रोकने के लिए।
बैठा रह जाता हूँ अलबेला–सा॥
बस यहीं सोचता हूँ
कैसा समां, कैसा पल?
पल–पल लागे मुझको डर–सा
इन दर्द–भरी राहों से॥

**अमित भनोट**

---

**जिन खोजा तिन पाया,**
**गहरे पानी पैठि।**

---

**जहाँ नारी का सम्मान होता है,**
**वहाँ देवता निवास करते हैं।**

# हॉबी

मनप्रीत कौर सहोता

हॉबी का मतलब है – शौक। हॉबी एक प्राकृतिक गुण है। सबकी अपनी–अपनी हॉबी होती है। जोनिफ़र को कढाई का शौक है। हर व्यक्ति का कोई–न–कोई शौक होता है। जब आप अपने आस–पास के लोगों की आदतों को ध्यान से देखेंगे तो आपको पता चलेगा कि लोगों में तरह–तरह के शौक होते है। किसी को पतंग उड़ाने का शौक होता है तो किसी को क्रिकेट खेलने का। किसी को कुत्ते पालने का शौक होता है, तो किसी को कबूतर पालने का। अनेक लोग डाक–टिकटों का संग्रह करते है। डाक–टिकट संग्रह की हॉबी रखने वाले लोग अपनी मनपसंद डाक–टिकट को पाने के लिए अधिक धन भी खर्च कर देते हैं। डाक–टिकट संग्रह करने वाले अधिकतर लोग पुराने और इस्तेमाल किए हुए डाक–टिकटों को संग्रह करते है। जब डाक विभाग कोई नया टिकट निकालता है तो संग्रह करने वाले लोग उस टिकट को खरीदने के लिए उतावले हो जाते है। डाक–टिकटों का संग्रह अलबम में किया जाता है। तितलियों का संग्रह करने की हॉबी तो पूरे संसार में पाई जाती है लोग रंग–बिरंगी तितलियों को अलबम में चिपकाकर रखते है। तितलियों वाले अलबम को कपड़ा बनाने वाली मिलें खरीद लेती है।

तितलियों के पंखों के डिज़ाइन को देखकर कपड़ों के नए–नए डिज़ाइन बनाए जाते है। बहुत से लोगों को सिक्कों का संग्रह करने का शौक होता है। सिक्कों का संग्रह करने वाले लोग पुराने सिक्कों की खोज में लगे रहते है। हम अपने घरों में भी देखते हैं कि किसी को खाना बनाने का शौक होता है तो किसी को बागवानी का। किसी को रंगोली बनाने का तो किसी को चित्रकारी का। हर व्यक्ति की कोई–न–कोई हॉबी अवश्य ही होनी चाहिए। हॉबी के कारण खाली समय का पता ही नहीं चलता और कुछ न कुछ सीखने को भी मिलता है। अपनी हॉबी को अवश्य पूरा करना चाहिए।

## साँच बराबर तप नहीं

साँच यानि सत्य को सबसे बड़ा तप और झूठ को सबसे बड़ा पाप माना गया है । सत्य में अद्‌भूत शक्ति होती है। कोई चाहे लाख कोशिश कर ले, अंत में सत्य की जीतता है। झूठ कभी जीतता भी है तो यह जीत स्थायी नहीं होती। इसलिए ज्ञानी लोग सच को धारण करने की सीख देते है और झूठ से दूरी बनाए रखने के लिए कहते है। गाँधी जी ने सत्य को अपनाया और सुकरात सच की खातिर गरल पी गए। झूठा आरोप लगाने वाले विश्वामित्र हार गए और सत्यवादी हरिशचद्र जीत गए। अत : सत्य के मार्ग पर चलना ही अच्छा है। इस मार्ग पर कठिमाइयाँ आएँ तो भी घबराना नहीं चाहिए। सच्चाई का सामाना करने से आत्मा को संतुष्टि मिलती है और मन में साहस, धैर्य जैसे गुणों का वास होता है इन्ही कारणों से ज्ञानी जन साँच को सबसे बड़ी तपस्या मानते है।

**सिमरनदीप कौर**


## न कुचलो नन्हीं कलियाँ

वंश–वंश करते मानव तुम
वंश बेल को काट रहे हो
एक फल की चाहत में तुम
पूरा बाग उजाड़ रहे हो
फूल रहे न धरती पर तो
फूल तुम कैसे पाओगे
अंश काट कर अपना तुम
कैसे वंश बढ़ाओगे।
उम्र की ढलती शाम में जब
बेटा खड़ा न होगा साथ
याद करोगे वंश को अपने
खुद मारा जिसको अपने हाथ
न कुचलो नन्हीं कलियाँ को
उनको भी जग में आने दो
बनकर फूल खिलेंगी एक दिन
जीवन उनको पाने दो।

**सुनील**

# NAVAL ARCHITECTURE

ਇੰਜੀਨੀਅਰ ਪਰਮਿੰਦਰਜੀਤ ਸਿੰਘ/ ਐਡੀਸ਼ਨਲ ਚੀਫ ਐਡੀਟਰ, 99153-57524



Naval Architecture deals with designing of man made water borne vessels, ships, submarines, offshore platform, boats, hovercrafts etc. Naval Architects look after the design constrution maintenance and repair of such vessels, knowledge of fluid mechanics, solid mechanics and structural engineering is a must.

Employment Opportuinties are available with shipyards, boat and shipbuilders, Shipping Companies, educational Institution, Ocean Engineering Companies. Consultancies, and possibly in the Indian Navy's Technical Branch.

The Degree Courses are of 4 or 4 41/2 years duration. The Institutes offering this course are given below:


* Naval College of Engineering. INS Shivaji, Lonavala (Pune), Naval Architencture 1 Year for 10+2 70% in PCM & pass in Engineering.
* Indian Institute of Technology, Chennai (Tamil Nadu)
* Indian Instutue of Technology, Kharagpur (West Bengal)

For details refer to Section Engineering under 'Colleges of National importance'.

* College of Engineering, Waltair, Vishkhapatnam, (Andhra Pardesh)
* Faculty of Technology, Cochin University of Science & Technology, Cochin (Keral) for details refer to section Engineering under respective States.



# MATRIMONIAL



LOOKING BEAUTIFUL GIRL FOR SIKH LOBANA BOY 25.12.1995 BORN, 5’8”, FAIR, TURBANED, TRIMMED, NON-DRINKER, QUALIFICATION B.E ELECTRICAL, THAPAR UNIVERSITY, PATIALA, EX IIT ALUMNI , TWO TIMES GATE QUALIFIED, DESIGNATION–SDO, PUNJAB GOVT. POWER DEPT. PSPCL, GROUP-A GAZETTED OFFICER, RESIDENCE–JALANDHAR, FAMILY- FATHER- HEAD OF DEPARTMENT (ENGINEERING COLLEGE), MOTHER – HOUSE WIFE, SISTER ONE MARRIED, BROTHER-IN-LAW JUNIOR ENGINEER IN PUNJAB GOVERNMENT. CONTACT - 9878917522

* * * * *

SUITABLE RAMGARHIA OR LUBANA BEAUTIFUL SLIM MATCH FOR PGD CSC, FEB 1996/5’-11’’ CANADA PR BOY, PARENTS AMRIT DHARI, FROM MOHALI AND GAZZETTED PUNJAB GOVT. OFFICERS. CONTACT - 9888010933

* * * * *

SUITABLE LUBANA BEAUTIFUL SLIM AND HIGHLY EDUCATED MATCH FOR B.TECH. MS, APRIL 1997/ 5’6’’ CANADA PR BOY, FATHER RETIRED AS DY DEO AND MOTHER WORKING AS LECTURER. CONTACT – 9876170933

* * * * *

SEEKING MATCH FOR LOBANA SIKH BOY 6 FT, 1993 BORN, B. TECH, MANAGER IN PUNJAB NATIONAL BANK, CONTACT - 9466826356

* * * * *

SEEKING MATCH FOR26 YRS LOBANA BOY, HEIGHT 6’1”, EDUCATION – B. TECH IN CIVIL ENGINEERING FROM PEC CHANDIGARH, M. ENGG. IN STRUCTURAL ENGINEERING FROM CARLETON UNIVERSITY CANADA, CURRENTLY WORKING AS A STRUCTURAL ENGINEER IN CANADA,

CURRENT RESIDENCE SUDBURY CANADA. PERMANENT RESIDENCE IN PANCHKULA (HR), CONTACT ON WHATSAPP – 6280045394

* * * * *

SEEKING BRIDE FOR LOBANA BOY 06.10.1992 BORN, 30 YRS, HEIGHT 5'10", GRADUATION – B.TECH (M. E), POST GRADUATE – M.TECH (DESIGN AND THERMAL) (IMU), CURRENTLY WORKING AS TRANSMISSION ENGINEER IN CHANDIGARH, FAMILY – FATHER RETD. GOVT. JOB, MOTHER BAJINDER KAUR (B.COM), SIBLING – 1 ELDER SISTER (DOCTOR & MARRIED), RESIDENCE – MOHALI. CONTACT - 9915116500

* * * * *

LOOKING BRIDE FOR AUG 1990 BORN, LOBANA BOY, HEIGHT 5'6", APJ JALANDHAR B. TECH (MECHNICAL) MBA (MARKT AND HR), PHD. (PURSING), UGC QUALIFIED, SERVING AS ASST. PROFESSOR, RUNNING TWO CONTINENTAL FOOD CAFE (DELHI BASED FOOD CHAIN) PROPERTY RURAL AND URBAN. CONTACT - 9988242425

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

**ਪਾਇਆ ਹੋਵੇ ਪੰਜਾਬੀ ਸੂਟ,**
**ਸਿਰ ਚੁੰਨੀ ਬਿਨਾ ਫੱਬੇ ਮੁਟਿਆਰ ਨਾਂ।**
**ਮੁੱਛਾਂ ਕੁੰਡੀਆਂ ਕਰਾਲੇ ਭਾਵੇਂ ਲੱਖ,**
**ਮੁੰਡਾ ਪੱਗ ਬਿਨਾਂ ਲੱਗੇ ਸਰਦਾਰ ਨਾਂ।**

# ਜੁਲਾਈ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ੍ਰ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ<br>ਮਕਾਨ ਨੰ: 117, ਸੈਕਟਰ-35 ਏ, ਚੰਡੀਗੜ੍ਹ। | 44 | 500/- | 16.07.2023 |
| 2. | ਸ੍ਰ: ਹਰਭਜਨ ਸਿੰਘ, ਪ੍ਰਧਾਨ<br>ਮਕਾਨ ਨੰ:- 576, ਮੋਤਾ ਸਿੰਘ ਨਗਰ, ਜਲੰਧਰ। | 45 | 1100/- | 16.07.2023 |
| 3. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰ: -3405, ਸੈਕਟਰ 40-ਡੀ, ਚੰਡੀਗੜ੍ਹ। | 46 | 200/- | 16.07.2023 |
| 4. | ਲੇਟ ਸ੍ਰ: ਗੁਰਚਰਨ ਸਿੰਘ, ਜੀ.ਐਸ. ਫਾਰਮ<br>ਮਕਾਨ ਨੰ: - 533, ਸੈਕਟਰ 36-ਬੀ, ਚੰਡੀਗੜ੍ਹ। | 47 | 500/- | 16.07.2023 |
| 5. | ਪੰਡਿਤ ਰਾਮ ਕੁਮਾਰ (ਕੰਟੀਨ)<br>ਬ.ਮ.ਸ.ਲ ਫਾਉਂਡੇਸ਼ਨ, ਚੰਡੀਗੜ੍ਹ। | 48 | 500/- | 16.07.2023 |
| 6. | ਸ੍ਰ: ਸੂਭਰਮਨ ਸਿੰਘ<br>ਮਕਾਨ ਨੰ: - 1601, ਫ਼ੇਸ-9, ਮੋਹਾਲੀ। | 49 | 500/- | 16.07.2023 |
| 7. | ਸ੍ਰ: ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ: - 42, ਸੈਕਟਰ 16-ਏ, ਚੰਡੀਗੜ੍ਹ। | 50 | 1100/- | 16.07.2023 |
| 8. | ਸ੍ਰ: ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ: - 42, ਸੈਕਟਰ 16-ਏ, ਚੰਡੀਗੜ੍ਹ। | 51 | 500/- | 16.07.2023 |
| 9. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ: - 42, ਸੈਕਟਰ 16-ਏ, ਚੰਡੀਗੜ੍ਹ। | 52 | 500/- | 16.07.2023 |
| 10. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ: - 62, ਸੈਕਟਰ-71, ਮੋਹਾਲੀ। | 53 | 500/- | 16.07.2023 |
| 11. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਸਾਬਕਾ ਜਨਰਲ ਸਕੱਤਰ<br>ਮਕਾਨ ਨੰ: 1089, ਫ਼ੇਸ-10, ਮੋਹਾਲੀ। | 54 | 200/- | 16.07.2023 |
| 12. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਐਚ.ਐਮ. 102, ਫ਼ੇਸ-3ਬੀ-1, ਮੋਹਾਲੀ। | 55 | 200/- | 16.07.2023 |

| | | | | |
|---|---|---|---|---|
| 13. | ਇੰਜ: ਕੁਲਬੀਰ ਸਿੰਘ ਸੁਜਲਾਨਾ, ਜੇ.ਈ.(ਰਿਟਾ.)<br>ਮਕਾਨ ਨੰ: 139, ਸੈਕਟਰ-70, ਮੋਹਾਲੀ। | 56 | 500/- | 16.07.2023 |
| 14. | ਸੂਬੇਦਾਰ ਮੇਜਰ ਜਸਪਾਲ ਸਿੰਘ, ਮੈਂਟੀਨੈਂਸ ਸਕੱਤਰ<br>ਮਕਾਨ ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 57 | 100/- | 16.07.2023 |
| 15. | ਸ: ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ: 541, ਫੇਜ਼- 3, ਮੋਹਾਲੀ। | 58 | 200/- | 16.07.2023 |
| 16. | ਸ: ਸੁਖਦੇਵ ਸਿੰਘ<br>ਮਕਾਨ ਨੰ: 296, ਸੈਕਟਰ-71, ਮੋਹਾਲੀ। | 59 | 500/- | 16.07.2023 |
| 17. | ਸ: ਹਰਭਜਨ ਸਿੰਘ, ਡੀ.ਆਈ.ਜੀ.(ਰਿਟਾ.)<br>ਫਲੈਟ ਨੰ: 204, ਵਾਈ ਬਲਾਕ,<br>ਫਾਲਕਨ ਵਿਊ, ਮੋਹਾਲੀ। | 60 | 500/- | 16.07.2023 |
| 18. | ਸ: ਇੰਦਰਜੀਤ ਸਿੰਘ ਭਗਤਾਨਾ<br>ਮਕਾਨ ਨੰ: 415, ਸੈਕਟਰ-100, ਚੰਡੀਗੜ੍ਹ। | 61 | 500/- | 16.07.2023 |
| 19. | ਬੀਬੀ ਨਰਿੰਦਰ ਕੌਰ<br>ਮਕਾਨ ਨੰ: 2020, ਸੈਕਟਰ-37 ਸੀ, ਚੰਡੀਗੜ੍ਹ। | 62 | 200/- | 16.07.2023 |
| 20. | ਸਰਦਾਰਨੀ ਹਰਪ੍ਰੀਤ ਕੌਰ<br>ਮਕਾਨ ਨੰ: 2218, ਸੈਕਟਰ - 38 ਸੀ, ਚੰਡੀਗੜ੍ਹ। | 63 | 1100/- | 16.07.2023 |
| 21. | ਸ: ਨਿਰਮਲ ਸਿੰਘ<br>ਮਕਾਨ ਨੰ: 2354, ਫ਼ੇਸ-10, ਮੋਹਾਲੀ। | 64 | 200/- | 16.07.2023 |
| 22. | ਸ: ਸੁਰਿੰਦਰ ਸਿੰਘ, ਏ.ਈ.<br>ਮਕਾਨ ਨੰ:527. ਫ਼ੇਸ-10, ਮੋਹਾਲੀ। | 65 | 500/- | 16.07.2023 |
| 23. | ਸ: ਗੁਰਸਾਜ ਸਿੰਘ<br>ਮਕਾਨ ਨੰ: 1234. ਫ਼ੇਸ-10, ਮੋਹਾਲੀ। | 66 | 200/- | 16.07.2023 |
| 24. | ਸ: ਮਨਮੋਹਨ ਸਿੰਘ, ਡਿਪਟੀ ਡੈਪਟ<br>ਮਕਾਨ ਨੰ: 4866. ਸੈਕਟਰ -68, ਮੋਹਾਲੀ। | 67 | 500/- | 16.07.2023 |
| 25. | ਸ: ਸੁਰਿੰਦਰ ਸਿੰਘ<br>ਮਕਾਨ ਨੰ: 3040, ਸੈਕਟਰ-47, ਚੰਡੀਗੜ੍ਹ। | 68 | 500/- | 16.07.2023 |
| 26. | ਡਾਕਟਰ ਹਰਜਿੰਦਰ ਸਿੰਘ ਮੁਲਤਾਨੀ<br>ਮਕਾਨ ਨੰ: 2102, ਫ਼ੇਸ-10, ਮੋਹਾਲੀ। | 69 | 500/- | 16.07.2023 |

| | | | | |
|---|---|---|---|---|
| 27. | ਇੰਜ: ਹਰਦੇਵ ਸਿੰਘ<br>ਸੀਨੀਅਰ ਮੈਂਟੀਨੈਸ ਸੈਕਟਰੀ<br>ਮਕਾਨ ਨੰ: 1747, ਫ਼ੇਸ-10, ਮੋਹਾਲੀ। | 70 | 200/- | 16.07.2023 |
| 28. | ਸ਼੍ਰੀ ਸੁਰੇਸ਼ ਸ਼ਰਮਾ<br>ਮਕਾਨ ਨੰ: 652, ਸੈਕਟਰ 8-ਬੀ, ਚੰਡੀਗੜ੍ਹ। | 71 | 501/- | 16.07.2023 |
| 29. | ਸ੍ਰ: ਮੇਹਰ ਸ਼ਰਮਾ<br>ਮਕਾਨ ਨੰ: 652, ਸੈਕਟਰ 8-ਬੀ, ਚੰਡੀਗੜ੍ਹ। | 72 | 500/- | 16.07.2023 |
| 30. | ਲੇਟ ਸ੍ਰ: ਸੰਤੋਖ ਸਿੰਘ ਘੋਤੜਾ<br>65 ਐਸ ਐਫ਼, ਐਚ.ਆਈ.ਜੀ. ਫਲੈਟ,<br>ਗੁਰੂ ਗੋਬਿੰਦ ਸਿੰਘ ਐਵਨਿਊ, ਜੀ.ਟੀ. ਰੋਡ, ਜਲੰਧਰ। | 73 | 1100/- | 16.07.2023 |
| 31. | ਪ੍ਰਿੰਸੀਪਲ ਵਰਿਆਮ ਸਿੰਘ,<br>ਅਮਨ ਨਗਰ, ਕੈਂਟ ਰੋਡ, ਕਪੂਰਥਲਾ। | 74 | 5100/- | 24.07.2023 |
| 32. | ਸ੍ਰ: ਬਲਦੇਵ ਸਿੰਘ<br>ਵਿੰਗ ਨੰ: 6, ਬਲਾਕ ਨੰ: 9, ਪ੍ਰੇਮ ਨਗਰ,<br>ਦੇਹਰਾਦੂਨ, ਉੱਤਰਾਖੰਡ। | 77 | 2100/- | 24.07.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**















ਮਿਤੀ 16-07-2023 ਨੂੰ ਸੰਗਰਾਂਦ ਵਾਲੇ ਦਿਨ ਮੇਜਰ (ਰਿਟਾ:) ਤਰਲੋਕ ਸਿੰਘ, ਸ. ਭਗਤ ਸਿੰਘ, ਆਈ.ਏ.ਐਸ. (ਰਿਟਾ:) ਅਤੇ ਸ. ਬਲਵੰਤ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ ਆਪਣੇ ਸਵ: ਮਾਤਾ ਸਰਦਾਰਨੀ ਗੁਪਾਲ ਕੌਰ ਜੀ ਅਤੇ ਪਿਤਾ ਸ. ਮੇਹਰ ਸਿੰਘ ਦੀ ਮਿੱਠੀ ਨਿੱਘੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਦਰਬਾਰ ਅਤੇ ਅਰਦਾਸ ਕਰਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਗਿਆ ਹੈ। ਇਸ ਸਮੇਂ ਕਰਨਲ (ਰਿਟਾ:) ਗੁਰਦੀਪ ਸਿੰਘ ਪੋਤਰਾ ਵੀ ਹਾਜ਼ਰ ਸਨ। ਫਾਊਂਡੇਸ਼ਨ ਵੱਲੋਂ ਕਾਮਨਾ ਕੀਤੀ ਜਾਂਦੀ ਹੈ ਕਿ ਪ੍ਰਮਾਤਮਾ ਸਵ: ਮਾਤਾ-ਪਿਤਾ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਸਮੂਹ ਪਰਿਵਾਰ ਨੂੰ ਚੜ੍ਹਦੀ ਕਲਾ, ਸਿਹਤਯਾਬਤਾ ਅਤੇ ਤਰੱਕੀਆਂ ਬਖ਼ਸ਼ਣ।









ਸਨਮਾਨਯੋਗ ਆਨਰੇਰੀ ਪੈਟਰਨ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰੋਫੈਸਰ ਵਰਿਆਮ ਸਿੰਘ, ਪ੍ਰਿੰਸੀਪਲ (ਰਿਟਾ:) ਕਪੂਰਥਲਾ ਦੇ ਪੋਤਰੇ ਇੰਜੀਨੀਅਰ ਜਗਮੀਤ ਸਿੰਘ ਸਪੁੱਤਰ ਬੀਬੀ ਸਤਬੀਰ ਕੌਰ ਅਤੇ ਸਵਰਗੀ ਇੰਜੀਨੀਅਰ ਜਗਤਾਰ ਸਿੰਘ ਅਤੇ ਪੜਪੋਤਰੇ ਗਿਆਨਵੀਰ ਸਿੰਘ (ਸ਼ਾਨ) ਸਪੁੱਤਰ ਬੀਬੀ ਸੈਵੀ ਅਤੇ ਇੰਜੀਨੀਅਰ ਜਗਮੀਤ ਸਿੰਘ ਦੇ ਗ੍ਰਹਿ ਪ੍ਰਵੇਸ਼ ਅਤੇ ਪਹਿਲੇ ਜਨਮ ਦਿਵਸ ਦੇ ਸਮੇਂ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਕੀਰਤਨ ਦਰਬਾਰ ਅਤੇ ਅਰਦਾਸ ਬੇਨਤੀ ਕਰਕੇ ਸ਼ੁਕਰਾਨਾ ਕਰਦੇ ਹੋਏ ਮਿਤੀ 22-07-2023 ਨੂੰ ਮੁਹਾਲੀ ਵਿਖੇ ਜਨਮ ਦਿਨ ਵੀ ਮਨਾਇਆ। ਇਸ ਮੌਕੇ ਪ੍ਰਿੰਸੀਪਲ ਵਰਿਆਮ ਸਿੰਘ ਜੀ ਅਤੇ ਸਪੁੱਤਰ ਸ. ਜਸਵਿੰਦਰ ਸਿੰਘ ਈ.ਟੀ.ਓ. (ਰਿਟਾ:) ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੂੰ 5100/- ਰੁਪਏ ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ ਅਤੇ ਮੌਜੂਦਾ ਜਨਰਲ ਸਕੱਤਰ ਕਮ ਸੀਨੀਅਰ ਮੀਤ ਪ੍ਰਧਾਨ (ਹੈਡ. ਕੁਆ.) ਰਾਹੀਂ ਭੇਟ ਕੀਤੇ ਗਏ। ਪ੍ਰਿੰਸੀਪਲ ਵਰਿਆਮ ਸਿੰਘ ਜੀ ਅਤੇ ਪਰਿਵਾਰ ਹਮੇਸ਼ਾ ਮੁੱਢ ਤੋਂ ਹੀ ਫਾਊਂਡੇਸ਼ਨ ਲਈ ਸੇਵਾਵਾਂ ਨਿਭਾਉਂਦੇ ਆ ਰਹੇ ਹਨ ਭਾਵੇਂ ਮਾਇਕ, ਯੋਗ ਸਲਾਹਾਂ, ਲੁਬਾਣਾ ਸੇਵਕ ਦੀ ਪ੍ਰਕਾਸ਼ਨਾ ਅਤੇ ਸੁਚੱਜੇ ਲੇਖ ਅਤੇ ਜੀਵਨੀਆਂ ਆਪ ਲਿਖ ਕੇ ਛਪਵਾਉਂਦੇ ਹਨ। ਪ੍ਰਿੰਸੀਪਲ ਵਰਿਆਮ ਸਿੰਘ ਜੀ 25.11.2023 ਨੂੰ 98 ਵਰ੍ਹਿਆਂ ਦੇ ਹੋ ਜਾਣਗੇ। ਪ੍ਰਮਾਤਮਾ ਅੱਗੇ ਸਮੂਹ ਫਾਊਂਡੇਸ਼ਨ ਵੱਲੋਂ ਅਰਦਾਸ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਲੰਮੀ ਉਮਰ, ਸਿਹਤਯਾਬਤਾ ਅਤੇ ਸੇਵਾਵਾਂ ਲਈ ਤੱਤਪਰ ਰਹਿਣ ਲਈ ਬਖਸ਼ਿਸ਼ ਕਰਨ।